ਮੌਜੂਦਾ ਯੁੱਗ ਵਿੱਚ ਹਰ ਮਾਂ-ਬਾਪ ਆਪਣੇ ਬੱਚੇ ਨੂੰ ਵਿਗਿਆਨੀ, ਇੰਜੀਨੀਅਰ, ਡਾਕਟਰ ਜਾਂ ਕੋਈ ਵੱਡਾ ਅਫ਼ਸਰ ਬਣਾਉਣਾ ਚਾਹੁੰਦੇ ਹਨ। ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਮਾਪੇ ਆਪਣੇ ਵਿੱਤ ਮੁਤਾਬਕ ਵਧੀਆ ਤੋਂ ਵਧੀਆ ਸਕੂਲਾਂ ਦੀ ਚੋਣ ਕਰਕੇ ਆਪਣੇ ਬੱਚਿਆਂ ਨੂੰ ਪੜ੍ਹਾਉਂਦੇ ਹਨ ਅਤੇ ਭਵਿੱਖ ਵਿੱਚ ਵੱਡੀਆਂ ਉਮੀਦਾਂ ਰੱਖਦੇ ਹਨ। ਹਰ ਬੱਚੇ ਦਾ ਆਪਣੇ ਪਰਿਵਾਰ ਅਤੇ ਰਹਿਣ-ਸਹਿਣ ਮੁਤਾਬਕ ਆਪਣਾ ਹੀ ਸੱਭਿਆਚਾਰ ਹੁੰਦਾ ਹੈ ਅਤੇ ਕੁਦਰਤ ਦੇ ਨਿਯਮ ਮੁਤਾਬਕ ਹਰ ਬੱਚੇ ਦੀ ਸੋਚ ਵੀ ਵੱਖਰੋ-ਵੱਖਰੀ ਹੁੰਦੀ ਹੈ। ਪੜ੍ਹਾਈ ਕਰਦਿਆਂ ਜੇ ਬੱਚੇ ਦਾ ਸਬੰਧ ਮਾੜੀ ਸੰਗਤ ਨਾਲ ਪੈ ਜਾਵੇ ਤਾਂ ਬੱਚੇ ਦੇ ਭਵਿੱਖ ਅਤੇ ਮਾਪਿਆਂ ਦੀਆਂ ਉਮੀਦਾਂ 'ਤੇ ਸਵਾਲੀਆ ਨਿਸ਼ਾਨ ਲੱਗ ਜਾਂਦਾ ਹੈ। ਇਹ ਹੋਰ ਵੀ ਅਫ਼ਸੋਸ ਵਾਲੀ ਗੱਲ ਹੈ ਕਿ ਗ਼ਲਤ ਸੰਗਤ ਵਿੱਚ ਪਿਆ ਵਿਦਿਆਰਥੀ ਆਪਣੇ-ਆਪ ਨੂੰ ਬੁੱਧੀਮਾਨ ਸਮਝਣ ਦਾ ਭੁਲੇਖਾ ਪਾਲਦਾ ਰਹਿੰਦਾ ਹੈ। ਮਾਪਿਆਂ ਦਾ ਬੱਚਿਆਂ ਨੂੰ ਸਮਾਂ ਨਾ ਦੇਣ ਕਾਰਨ ਅਤੇ ਬੱਚਿਆਂ 'ਤੇ ਸ਼ੱਕ ਕਰਨ ਕਰਕੇ ਮਾੜੀਆਂ ਆਦਤਾਂ ਵਿੱਚ ਹੋਰ ਵਾਧਾ ਹੋਈ ਜਾਂਦਾ ਹੈ। ਵੱਡਾ ਹੋ ਕੇ ਜਵਾਨੀ ਵਿੱਚ ਪੈਰ ਧਰਨ ਵੇਲੇ ਬੱਚਾ ਮਾੜੀ ਸੰਗਤ ਜਾਂ ਗ਼ਲਤ ਸੋਚ ਕਾਰਨ ਸਮਾਜਿਕ ਰਿਸ਼ਤਿਆਂ ਦਾ ਵੀ ਘਾਣ ਕਰਦਾ ਹੈ। ਅਜਿਹੀਆਂ ਮਾੜੀਆਂ ਆਦਤਾਂ ਗ੍ਰਹਿਣ ਕਰਨ ਕਰਕੇ ਜਿੱਥੇ ਵਿਦਿਆਰਥੀ ਦੇ ਆਪਣੇ ਜੀਵਨ ਅਤੇ ਪੜ੍ਹਾਈ 'ਤੇ ਮਾਰੂ ਪ੍ਰਭਾਵ ਪੈਂਦਾ ਹੈ, ਉੱਥੇ ਮਾਤਾ-ਪਿਤਾ ਦੀਆਂ ਉਮੀਦਾਂ 'ਤੇ ਵੀ ਪਾਣੀ ਫਿਰ ਜਾਂਦਾ ਹੈ। ਸਮਾਜਿਕ ਪੱਧਰ 'ਤੇ ਇਹ ਬਹੁਤ ਹੀ ਦੁੱਖ ਦੀ ਗੱਲ ਹੈ ਕਿ ਮਾਪਿਆਂ ਦੀਆਂ ਸਿੱਖਿਆਵਾਂ ਤੋਂ ਬਿਨਾਂ ਜ਼ਿੰਦਗੀ ਵਿੱਚ ਕੋਈ ਵੀ ਮਾਧਿਅਮ ਅਜਿਹਾ ਨਜ਼ਰ ਨਹੀਂ ਆਉਂਦਾ ਜਿੱਥੋਂ ਚੰਗੇ ਜੀਵਨ ਜਿਊਣ ਦੀ ਸਿੱਖਿਆ ਮਿਲਦੀ ਹੋਵੇ। ਟੈਲੀਵਿਜ਼ਨ ਨੇ ਸਾਡੇ ਘਰ ਬਰਬਾਦ ਕਰ ਦਿੱਤੇ ਹਨ। ਟੈਲੀਵਿਜ਼ਨ 'ਤੇ ਦਿਖਾਈ ਜਾਂਦੀ ਕਾਲਪਨਿਕ ਦੁਨੀਆਂ ਨੂੰ ਅਸੀਂ ਆਪਣੀ ਅਸਲ ਜ਼ਿੰਦਗੀ ਦਾ ਹਿੱਸਾ ਬਣਾ ਲਿਆ ਹੈ। ਟੀ.ਵੀ. 'ਤੇ ਦਿਖਾਏ ਜਾਂਦੇ ਕਿਸੇ ਵੀ ਪ੍ਰੋਗਰਾਮ ਨੂੰ ਅਸੀਂ ਪਰਿਵਾਰ ਵਿੱਚ ਬੇਝਿਜਕ ਬੈਠ ਕੇ ਨਹੀਂ ਦੇਖ ਸਕਦੇ। ਅੱਜ ਟੀ.ਵੀ. ਜਿੱਥੇ ਪੱਛਮੀਕਰਨ ਨੂੰ ਬੜ੍ਹਾਵਾ ਦੇ ਕੇ ਅੱਲੜ੍ਹ ਉਮਰ ਵਿੱਚ ਮੁੰਡੇ-ਕੁੜੀਆਂ ਨੂੰ ਆਪਣੀਆਂ ਮਨ ਮਰਜ਼ੀਆਂ ਦੇ ਰਾਹ ਤੋਰਨ ਦਾ ਤਰਕ ਪੇਸ਼ ਕਰ ਰਿਹਾ ਹੈ, ਉੱਥੇ ਸਾਨੂੰ ਸਾਡੇ ਵਡਮੁੱਲੇ ਸੱਭਿਆਚਾਰ, ਵਿਰਾਸਤ ਅਤੇ ਧਰਮ ਨਾਲੋਂ ਤੋੜ ਰਿਹਾ ਹੈ। ਮੋਬਾਈਲ ਦੀ ਬੇਲੋੜੀ ਤੇ ਅੰਨ੍ਹੇਵਾਹ ਵਰਤੋਂ ਨੇ ਵੀ ਸਮਾਜਿਕ ਤਰੇੜਾਂ ਵਧਾਈਆਂ ਹਨ ਅਤੇ ਸਮਾਜਿਕ ਪੱਖੋਂ ਅਪ੍ਰਵਾਨਿਤ ਰਿਸ਼ਤਿਆਂ ਵਿੱਚ ਵੱਡਾ ਵਾਧਾ ਕੀਤਾ ਹੈ। ਮਾਪਿਆਂ ਨੇ ਆਪਣੇ ਲਾਡਲਿਆਂ ਨੂੰ ਪੜ੍ਹਾਈ ਕਰਨ ਲਈ ਲੈਪਟਾਪ ਲੈ ਕੇ ਦਿੱਤੇ ਹਨ ਪਰ ਲੈਪਟਾਪ 'ਤੇ ਪੜ੍ਹਾਈ ਤਾਂ ਨਾਂਮਾਤਰ ਹੀ ਹੁੰਦੀ ਹੈ ਸਗੋਂ ਚੈਟਿੰਗ ਨੇ ਧੁੰਮਾਂ ਪਾਈਆਂ ਹੋਈਆਂ ਹਨ। ਸਕੂਲ ਅਤੇ ਕਾਲਜਾਂ ਦੀ ਪੜ੍ਹਾਈ ਵਿੱਚ ਕੋਈ ਟਾਵਾਂ ਵਿਰਲਾ ਅਧਿਆਪਕ ਹੀ ਹੈ ਜੋ ਬੱਚਿਆਂ ਨੂੰ ਨੈਤਿਕ ਪੱਖ ਤੋਂ ਉੱਚਾ ਚੁੱਕਣ ਲਈ ਕੋਸ਼ਿਸ਼ ਕਰਦਾ ਹੈ। ਜ਼ਿਆਦਾਤਰ ਅਧਿਆਪਕ ਸਿਲੇਬਸ ਪੂਰਾ ਕਰਾਉਣਾ ਹੀ ਆਪਣਾ ਫ਼ਰਜ਼ ਸਮਝਦੇ ਹਨ। ਅਜਿਹੇ ਕਾਰਨਾਂ ਕਰਕੇ ਘਰਾਂ ਤੋਂ ਬਾਹਰ ਪੜ੍ਹਨ ਵਾਲੇ ਬਹੁਤੇ ਵਿਦਿਆਰਥੀ ਪੜ੍ਹਾਈ ਦੀ ਥਾਂ ਤੋਰੇ ਫੇਰੇ ਦੇ ਰਾਹ ਪੈ ਰਹੇ ਹਨ। ਜਵਾਨੀ ਦੀ ਉਮਰ ਵਿੱਚ ਵਿਦਿਆਰਥੀਆਂ ਨੂੰ ਸਮਾਜਿਕ ਤੌਰ 'ਤੇ ਅਪ੍ਰਵਾਨਿਤ ਸਬੰਧ ਭਾਵੇਂ ਠੀਕ ਲੱਗਦੇ ਹਨ ਪਰ ਇਨ੍ਹਾਂ ਦਾ ਅੰਤ ਨਿਰਾਸ਼ਾਜਨਕ ਅਤੇ ਮਾੜਾ ਹੀ ਨਿੱਕਲਦਾ ਹੈ। ਜੇ ਅਪ੍ਰਵਾਨਿਤ ਸਬੰਧ ਲੋਕਾਂ ਸਾਹਮਣੇ ਆ ਜਾਣ ਤਾਂ ਸਿੱਖਿਆਰਥੀਆਂ ਦੇ ਭਵਿੱਖ 'ਤੇ ਸਵਾਲੀਆ ਨਿਸ਼ਾਨ ਲੱਗ ਜਾਂਦੇ ਹਨ। ਜਦੋਂ ਅਜਿਹੇ ਅਪ੍ਰਵਾਨਿਤ ਰਿਸ਼ਤੇ ਮਾਤਾ-ਪਿਤਾ ਅੱਗੇ ਖੁੱਲ੍ਹਦੇ ਹਨ ਤਾਂ ਜਿੱਥੇ ਮਾਪਿਆਂ ਦੀਆਂ ਉਮੀਦਾਂ ਧਰੀਆਂ-ਧਰਾਈਆਂ ਰਹਿ ਜਾਂਦੀਆਂ ਹਨ, ਉੱਥੇ ਸ਼ਰਮਸਾਰ ਹੋਏ ਸਿੱਖਿਆਰਥੀ ਦੇ ਪੱਲੇ ਵੀ ਪਛਤਾਵੇ ਤੋਂ ਬਿਨਾਂ ਕੱਖ ਨਹੀਂ ਪੈਂਦਾ ਸਗੋਂ ਪੜ੍ਹਾਈ ਵੀ ਅੱਧ-ਵਿਚਕਾਰ ਲਟਕਣ ਦੇ ਹਾਲਾਤ ਬਣ ਜਾਂਦੇ ਹਨ। ਇਨ੍ਹਾਂ ਅਪ੍ਰਵਾਨਿਤ ਰਿਸ਼ਤਿਆਂ ਵਿੱਚੋਂ ਹੀ ਲੜਾਈ, ਅਗਵਾ, ਕਤਲ ਅਤੇ ਖ਼ੁਦਕੁਸ਼ੀਆਂ ਵਰਗੇ ਮਾਮਲੇ ਨਿੱਤ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਦੇ ਹਨ। ਇਸ ਤਰ੍ਹਾਂ ਪੜ੍ਹਾਈਆਂ ਕਰਕੇ ਵਿਦਿਆਰਥੀਆਂ ਦੇ ਇੱਕ ਗ਼ਲਤ ਕਦਮ ਚੁੱਕਣ ਕਾਰਨ ਵੱਸਦੇ-ਰਸਦੇ ਘਰ ਉੱਜੜ ਜਾਂਦੇ ਹਨ। ਦੁੱਖ ਦੀ ਗੱਲ ਹੈ ਕਿ ਸਿੱਖਿਆ ਵਿਭਾਗ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਨੂੰ ਚੰਗੀਆਂ ਨਸੀਹਤਾਂ ਅਤੇ ਆਗਿਆਕਾਰੀ ਜੀਵਨ ਜਿਊਣ ਲਈ ਕੋਈ ਵੀ ਠੋਸ ਨੀਤੀਆਂ ਨਹੀਂ ਦੇ ਸਕਿਆ। ਜੇ ਹੋਸਟਲ ਦੀ ਜ਼ਿੰਦਗੀ ਵਿੱਚ ਸਿੱਖਿਆਰਥੀ ਆਪਣੇ-ਆਪ ਨੂੰ ਸੰਭਾਲ ਲੈਂਦਾ ਹੈ ਤਾਂ ਹੀ ਉਹ ਆਪਣਾ ਭਵਿੱਖ ਸਵਾਰ ਸਕਦਾ ਹੈ ਅਤੇ ਦੁਨੀਆ ਦਿਖਾਉਣ ਵਾਲੇ ਮਾਤਾ-ਪਿਤਾ ਦੀਆਂ ਉਮੀਦਾਂ ਪੂਰੀਆਂ ਕਰਨ ਦੇ ਰਾਹ ਤੁਰ ਸਕਦਾ ਹੈ। ਜੇ ਵਿਦਿਆਰਥੀ ਇਸ ਉਮਰ ਵਿੱਚ ਆਪਣੇ-ਆਪ ਨੂੰ ਮਾੜੀ ਸੰਗਤ ਤੋਂ ਨਹੀਂ ਬਚਾ ਸਕਦਾ ਤਾਂ ਫਿਰ ਰੱਬ ਹੀ ਰਾਖਾ ਹੈ? ਮਾੜੀ ਸੰਗਤ ਦੇ ਸ਼ਿਕਾਰ ਸਿੱਖਿਆਰਥੀ ਦੇ ਮਾਪੇ ਆਪਣੇ ਬੱਚੇ ਨੂੰ ਸਿਆਣਾ ਅਤੇ ਸਮਝਦਾਰ ਸਮਝਦੇ ਰਹਿੰਦੇ ਹਨ ਅਤੇ ਆਪਣੀਆਂ ਉਮੀਦਾਂ ਦੀ ਪੂਰਤੀ ਦੀਆਂ ਆਸਾਂ ਲਗਾਈ ਉਡੀਕਦੇ ਰਹਿੰਦੇ ਹਨ ਪਰ ਜਿੱਥੋਂ ਤਕ ਆਪਣੀਆਂ ਨਜ਼ਰਾਂ ਨਾਲ ਦੇਖਿਆ ਅਤੇ ਪਰਖਿਆ ਹੈ ਕਿ ਵੱਡੀ ਗਿਣਤੀ ਵਿੱਚ ਘਰਾਂ ਤੋਂ ਬਾਹਰ ਹੋਸਟਲਾਂ ਵਿੱਚ ਰਹਿਣ ਵਾਲੇ ਸਿੱਖਿਆਰਥੀ ਆਪਣੇ ਮਾਂ-ਬਾਪ ਦੀਆਂ ਅੱਖਾਂ ਵਿੱਚ ਘੱਟਾ ਪਾਉਂਦੇ ਰਹਿੰਦੇ ਹਨ। ਕਾਲਜਾਂ ਵਿੱਚ ਪੜ੍ਹਾਈ ਕਰਨ ਵਾਲੇ ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆਂ ਨੇ ਆਪਣੇ ਪੇਟ ਬੰਨ੍ਹ ਕੇ, ਵੱਡੇ ਖਰਚ ਕਰਕੇ ਪੜ੍ਹਨ ਲਈ ਭੇਜਿਆ ਹੋਇਆ ਹੈ ਪਰ ਬੱਚੇ ਫੋਨਾਂ ਦੇ ਐੱਸ.ਐੱਮ.ਐੱਸ. ਤੋਂ ਸ਼ੁਰੂ ਹੋ ਕੇ ਸਭ ਦਹਿਲੀਜ਼ਾਂ ਪਾਰ ਕਰਦੇ ਉਲਟੇ ਰਾਹ ਵਹਿੰਦੇ ਤੁਰੇ ਜਾ ਰਹੇ ਹਨ। ਘਰੋਂ ਬਾਹਰ ਆ ਕੇ ਸਿੱਖਿਆਰਥੀ ਭਾਵੇਂ ਆਜ਼ਾਦ ਤਾਂ ਹੁੰਦਾ ਹੈ ਪਰ ਆਪਣਾ ਕਰਤਾ-ਧਰਤਾ ਵੀ ਉਹ ਆਪ ਹੀ ਹੁੰਦਾ ਹੈ ਅਤੇ ਉਸ ਨੂੰ ਹਰ ਕੰਮ ਕਰਨ ਦਾ ਫ਼ੈਸਲਾ ਆਪ ਹੀ ਕਰਨਾ ਪੈਂਦਾ ਹੈ। ਜ਼ਿੰਦਗੀ ਨੂੰ ਸਹੀ ਦਿਸ਼ਾ ਦਿਖਾਉਣ ਵਾਲਾ ਫ਼ੈਸਲਾ ਉਹ ਤਾਂ ਹੀ ਕਰ ਸਕਦਾ ਹੈ, ਜੇ ਉਸ ਕੋਲ ਵਧੀਆ ਸੋਚ ਹੋਵੇ। ਵਧੀਆ ਸੋਚ ਤਾਂ ਹੀ ਹੋ ਸਕਦੀ ਹੈ ਜੇ ਮਾਤਾ-ਪਿਤਾ ਦੀਆਂ ਦਿੱਤੀਆਂ ਸਿੱਖਿਆਵਾਂ ਨੂੰ ਉਸ ਨੇ ਪੱਲੇ ਬੰਨ੍ਹਿਆ ਹੋਵੇ। ਇਸ ਲਈ ਹਰ ਵਿਦਿਆਰਥੀ ਨੂੰ ਆਪਣੇ ਚੰਗੇਰੇ ਭਵਿੱਖ ਲਈ ਆਪਣੇ ਮਾਪਿਆਂ ਦੀਆਂ ਦਿੱਤੀਆਂ ਸਿੱਖਿਆਵਾਂ ਨੂੰ ਮਨ ਵਿੱਚ ਵਸਾ ਕੇ ਜੀਵਨ ਨੂੰ ਚੰਗੇ ਰਾਹ ਤੋਰਨਾ ਚਾਹੀਦਾ ਹੈ। ਅੰਤ ਵਿੱਚ ਇਹੀ ਕਹਾਂਗੀ ਜਦ ਅਸੀਂ ਆਪਣੀ ਜ਼ਿੰਦਗੀ ਵਿੱਚ ਕੋਈ ਵੀ ਫ਼ੈਸਲਾ ਕਰਨ ਵਿੱਚ ਉਲਝ ਜਾਈਏ ਤਾਂ ਸਾਨੂੰ ਫ਼ੈਸਲਾ ਕਰਨ ਵੇਲੇ ਸੋਚਣਾ ਚਾਹੀਦਾ ਹੈ ਕਿ ਜੇ ਮੇਰੇ ਮਾਤਾ-ਪਿਤਾ ਕਾਲਜ ਜਾਂ ਹੋਸਟਲ ਵਿੱਚ ਮੇਰੇ ਕੋਲ ਹੁੰਦੇ ਤਾਂ ਉਹ ਕੀ ਕਰਨ ਲਈ ਕਹਿੰਦੇ? ਹਰ ਗੱਲ ਦਾ ਜਵਾਬ ਮਿਲ ਜਾਵੇਗਾ ਕਿਉਂਕਿ ਮਾਪਿਆਂ ਦੀਆਂ ਸਿੱਖਿਆਵਾਂ ਹੀ ਸਿਰਜਦੀਆਂ ਹਨ, ਚੰਗੇਰਾ ਭਵਿੱਖ।



# ਹੁਣ ਹੱਥ 'ਚ ਸਮਾਰਟ ਫੋਨ ਜ਼ਿਆਦਾ ਅਤੇ ਕਿਤਾਬਾਂ ਘੱਟ ਦਿਸਦੇ ਏ..




ਜਿੱਥੇ ਸਾਨੂੰ ਚੰਗੀਆਂ ਕਿਤਾਬਾਂ ਪੜਣ ਦੇ ਨਾਲ ਵੱਧ ਗਿਆਨ ਪ੍ਰਾਪਤ ਹੁੰਦਾ ਹੈ, ਉੱਥੇ ਹੀ ਅਸੀਂ ਆਪਣੀ ਹਰ ਗੱਲ ਨੂੰ ਕਿਹੜੇ ਵੇਲੇ ਅਤੇ ਕਦੋਂ ਕਹਿਣਾ ਹੈ, ਉਹ ਵੀ ਸਿੱਖ ਜਾਂਦੇ ਹਨ। ਪਰ ਬਦਲਦੇ ਜ਼ਮਾਨੇ ਵਿੱਚ ਹੁਣ ਲੋਕ ਕਿਤਾਬਾਂ ਤਾਂ ਪੜਣਦੇ ਹਨ, ਪਰ ਸਮਾਰਟ ਫੋਨ ਦੇ ਵਿੱਚ। ਸਮਾਰਟ ਫੋਨ ਨੇ ਜਿੱਥੇ ਬਹੁਤ ਸਾਰੇ ਲੋਕਾਂ ਨੂੰ ਮੁਫ਼ਤ ਵਿੱਚ ਕਿਤਾਬਾਂ ਮੁਹੱਈਆ ਕਰਵਾਉਣ ਦਾ ਕੰਮ ਕੀਤਾ ਹੈ, ਉੱਥੇ ਹੀ ਦੂਜੇ ਪਾਸੇ ਸਮਾਰਟ ਫੋਨ ਨੇ ਸਾਡੇ ਹੱਥਾਂ ਵਿੱਚ ਵਿਖ਼ਾਈ ਦਿੰਦੀ ਕਿਤਾਬ ਨੂੰ ਗਾਇਬ ਕਰਕੇ ਰੱਖ ਦਿੱਤਾ ਹੈ।

ਅੱਜ ਬਹੁਤ ਸਾਰੇ ਲੇਖਕ, ਬੁੱਧੀਜੀਵੀ ਅਤੇ ਪੱਤਰਕਾਰ ਸਾਥੀ ਆਪਣੇ ਸਮਾਰਟ ਫੋਨਾਂ ਦੇ ਵਿੱਚ ਹੀ ਜ਼ਿਆਦਾ ਕਿਤਾਬਾਂ ਪੜਣਾ ਪਸੰਦ ਕਰਦੇ ਹਨ। ਕਿਉਂਕਿ ਹਰ ਕਿਸੇ ਕੋਲ ਸਮੇਂ ਦੀ ਅਤੇ ਜਗ੍ਹਾ ਦੀ ਘਾਟ ਹੈ। ਜਿਸਦੇ ਕਾਰਨ ਇੱਕੋ ਹੀ ਸਮਾਰਟ ਫੋਨ ਦੇ ਵਿੱਚ ਲੋਕ ਹਜ਼ਾਰਾਂ ਦੀ ਗਿਣਤੀ ਵਿੱਚ ਹੀ ਕਿਤਾਬਾਂ 'ਸੇਵ' ਕਰਕੇ ਰੱਖ ਲੈਂਦੇ ਹਨ। ਭਾਵੇਂ ਹੀ ਸਾਹਿਤ ਸਾਡੀ ਜ਼ਿੰਦਗੀ ਦਾ ਇੱਕ ਅਹਿਮ ਅੰਗ ਹੈ, ਪਰ ਸਮੇਂ ਦੇ ਹਿਸਾਬ ਨਾਲ ਅਤੇ ਭੱਜ ਦੌੜ ਦੀ ਜ਼ਿੰਦਗੀ ਵਿੱਚ ਸਾਹਿਤ ਸਾਡੇ ਕੋਲੋਂ ਦੂਰ ਹੁੰਦਾ ਜਾ ਰਿਹਾ ਹੈ ਅਤੇ ਇਸਦੇ ਦੋਸ਼ੀ ਵੀ ਅਸੀਂ ਖ਼ੁਦ ਹੀ ਹਾਂ।

ਦੱਸ ਦਈਏ ਕਿ ਕਈ ਲੋਕ ਚੇਹਰੇ ਪੜਦੇ ਹਨ, ਕਈ ਲੋਕ ਬੋਲਬਾਣੀ ਨੂੰ ਸਮਝਦੇ ਹਨ ਅਤੇ ਕਈ ਲੋਕ ਕਿਤਾਬਾਂ ਪੜਦੇ ਹਨ, ਪਰ ਕਿਤਾਬਾਂ ਪੜਨਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ। ਇਸ ਜ਼ਮਾਨੇ ਵਿੱਚ ਬਹੁਤ ਘੱਟ ਲੋਕ ਅਜਿਹੇ ਹਨ, ਜੋ ਸਮਾਰਟ ਫੋਨ ਦੀ ਬਜਾਏ ਆਪਣੇ ਹੱਥ ਵਿੱਚ ਕਿਤਾਬ ਨੂੰ ਫੜ ਕੇ ਪੜਦੇ ਹਨ। ਲਾਇਬ੍ਰੇਰੀਆਂ ਹੁਣ ਇਸ ਲਈ ਵੀ ਘੱਟ ਰਹੀਆਂ ਹਨ, ਕਿਉਂਕਿ ਲੋਕਾਂ ਦੇ ਕੋਲ ਪੜਣ ਨੂੰ ਸਮਾਂ ਹੀ ਨਹੀਂ ਬਚਿਆ ਅਤੇ ਉਹ ਆਪਣੀ ਇੱਕ ਨਿੱਕੀ ਜਿਹੀ ਲਾਇਬ੍ਰੇਰੀ ਫੋਨ ਦੇ ਵਿੱਚ ਹੀ ਬਣਾ ਲੈਂਦੇ ਹਨ। ਜਿਸਦੇ ਵਿੱਚ ਉਹ ਆਪਣੀਆਂ ਮਨਪਸੰਦ ਕਿਤਾਬਾਂ ਨੂੰ 'ਸੇਵ' ਕਰਕੇ ਰੱਖ ਲੈਂਦੇ ਹਨ।

ਪਿਛਲੇ ਕੁਝ ਕੁ ਸਮੇਂ ਤੋਂ, ਜਦੋਂ ਤੋਂ ਸਾਡੇ ਵਿੱਚ ਸਮਾਰਟ ਫੋਨ ਨੇ ਦਸਤਕ ਦਿੱਤੀ ਹੈ, ਉਦੋਂ ਤੋਂ ਹੱਥ ਵਿੱਚ ਕਿਤਾਬ ਫੜ ਕੇ ਤੁਰਨ ਅਤੇ ਕਿਤਾਬ ਪੜਣ ਦਾ ਰਿਵਾਜ ਘੱਟ ਗਿਆ ਹੈ। ਕਿਉਂਕਿ ਬਹੁਤ ਸਾਰੀਆਂ ਕਿਤਾਬਾਂ ਸਮਾਰਟ ਫੋਨ ਤੇ ਬਹੁਤ ਸਾਰੀਆਂ ਵੈਬਸਾਈਟ 'ਤੇ ਪੀਡੀਐਫ਼ ਕਿਤਾਬਾਂ ਉਪਲਬਧ ਹੋ ਚੁੱਕੀਆਂ ਹਨ। ਜਿੱਥੋਂ ਅੱਜ ਹਰ ਕੋਈ ਕਿਤਾਬ ਲੈ ਕੇ ਪੜ ਰਿਹਾ ਹੈ ਅਤੇ ਜਿਹੜੀ ਗੱਲ ਕਰਨ ਦੀ ਜਦੋਂ ਲੋੜ ਹੈ, ਉਦੋਂ ਖੋਲ ਕੇ ਪੜ ਰਿਹਾ ਹੈ। ਦੱਸ ਇਹ ਵੀ ਦਈਏ ਕਿ ਕਿਤਾਬਾਂ ਭਾਵੇਂ ਹੀ ਆਪਣੇ ਹੱਥ ਵਿੱਚ ਚੰਗੀਆਂ ਲੱਗਦੀਆਂ ਨੇ, ਪਰ ਸਮਾਂ ਘੱਟ ਹੋਣ ਦੇ ਕਾਰਨ ਕਈ ਲੋਕ ਆਪਣੇ ਸਮਾਰਟ ਫੋਨ ਵਿੱਚ ਹੀ ਕਈ-ਕਈ ਕਿਤਾਬਾਂ 'ਸਾਂਭ ਕੇ ਰੱਖ' ਲੈਂਦੇ ਹਨ ਤਾਂ ਜੋ ਸਮਾਂ ਮਿਲਣ 'ਤੇ ਪੜ ਲਿਆ ਜਾਵੇ।

ਪਰ, ਤਾਜ਼ਾ ਜਾਣਕਾਰੀ ਦੇ ਮੁਤਾਬਿਕ ਬਹੁਤ ਸਾਰੇ ਦੋਸਤ ਆਪਣੀਆਂ ਕਿਤਾਬਾਂ ਦੀ ਮਸ਼ਹੂਰੀ ਵੀ ਕਰਦੇ ਹਨ, ਪਰ ਉਨ੍ਹਾਂ ਦੀਆਂ ਕਿਤਾਬਾਂ ਫ਼ਿਰ ਵੀ ਵਿੱਕ ਨਹੀਂ ਪਾਉਂਦੀਆਂ। ਲੇਖਣੀ ਭਾਵੇਂ ਹੀ ਉਨ੍ਹਾਂ ਦੀ ਚੰਗੀ ਹੁੰਦੀ ਹੈ, ਪਰ ਡਿਪੈਂਡ ਕਰਦਾ ਹੈ, ਪੜਣ ਵਾਲੇ ਉਪਰ। ਪੜਣ ਵਾਲੇ ਵਿਅਕਤੀ ਨੂੰ ਕਿਹੜੀ ਕਿਤਾਬ ਪੜਨੀ ਚਾਹੀਦੀ ਹੈ ਅਤੇ ਕਿਵੇਂ ਪੜਨੀ ਚਾਹੀਦੀ ਹੈ। ਭਾਅ ਸਮਾਰਟ ਫੋਨ ਵਿੱਚ ਜਾਂ ਫਿਰ ਹੱਥ ਵਿੱਚ ਕਿਤਾਬ ਫੜ ਕੇ। ਕਿਤਾਬਾਂ ਵੱਡੀ ਗਿਣਤੀ ਵਿੱਚ ਨਾ ਵਿੱਕਣ ਦਾ ਕਾਰਨ, ਭਾਵੇਂ ਹੀ ਇਹ ਮੰਨ ਲਓ ਕਿ ਲੋਕਾਂ ਦੇ ਹੱਥ ਵਿੱਚ ਸਮਾਰਟ ਫੋਨ ਆ ਚੁੱਕੇ ਹਨ ਜਾਂ ਫਿਰ ਕੁਝ ਹੋਰ, ਪਰ ਕਿਤਾਬ ਪੜਨੀ ਕਿਵੇਂ ਹੈ, ਇਹ ਤੁਹਾਡੇ 'ਤੇ ਡਿਪੈਂਡ ਕਰਦਾ ਹੈ।

ਵੈਸੇ ਵੀ ਅੱਜ ਦੇ ਜ਼ਮਾਨੇ ਵਿੱਚ ਹਰ ਕੋਈ ਸੋਚਦਾ ਹੈ ਕਿ ਇੱਕ ਕਿਤਾਬ ਚੁੱਕਣ ਨਾਲੋਂ ਚੰਗਾ ਹੈ ਕਿ ਸਮਾਰਟ ਫੋਨ ਦੇ ਵਿੱਚ ਤਾਂ ਅਣਗਿਣਤ ਕਿਤਾਬਾਂ ਮੌਜੂਦ ਕਰ ਲਈਆਂ ਜਾਣ। ਸਮਾਰਟ ਫੋਨ ਦੇ ਵਿੱਚ ਕਿਤਾਬਾਂ ਮੌਜੂਦ ਹੋਣਗੀਆਂ ਤਾਂ ਬੰਦਾ ਜਦੋਂ ਮਰਜ਼ੀ ਚਾਹੇ ਕਿਤਾਬ ਪੜ ਲਵੇਗਾ। ਪਰ.!! ਜੋ ਇਸ ਸਮੇਂ ਗੱਲ ਵੇਖਣ ਵਿੱਚ ਆਈ ਹੈ ਕਿ ਬਹੁਤ ਸਾਰੇ ਲੇਖਕ ਆਪਣੀ ਕਿਤਾਬ ਵੇਚਣ ਦੇ ਲਈ ਮਸ਼ਹੂਰੀ ਕਰਦੇ ਹਨ, ਤਾਂ ਜੋ ਕਿਤਾਬ ਵਿੱਕ ਸਕੇ ਅਤੇ ਚੰਗਾ ਪੈਸਾ ਵੀ ਕਮਾਇਆ ਜਾ ਸਕੇ। ਲੇਖ਼ਕ ਸਾਥੀਓ, ਬੇਸ਼ੱਕ ਆਪਣੀ ਕਿਤਾਬ ਦੀ ਮਸ਼ਹੂਰੀ ਕਰੋ, ਪਰ ਕਿਸੇ ਨੂੰ ਪੜ੍ਹਣ ਲਈ ਮਜ਼ਬੂਰ ਨਾ ਕਰੋ। ਸਮਾਰਟ ਫੋਨ ਦੇ ਨੁਕਸਾਨ ਤੇ ਫਾਇਦੇ ਦੱਸੋ, ਲੋਕ ਆਪਣੇ ਆਪ ਤੁਹਾਡੀ ਗੱਲ ਨੂੰ ਮੰਨ ਲੈਣਗੇ ਅਤੇ ਜਦੋਂ ਜਿਸ ਨੂੰ ਜਿਹੜੀ ਕਿਤਾਬ ਦੀ ਲੋੜ ਹੋਈ, ਉਹ ਆਪਣੇ ਆਪ ਹੀ ਮੰਗਵਾ ਲੈਣਗੇ।



ਪਰਮਜੀਤ ਕੌਰ ਸਿੱਧੂ

# ਸੰਕੇਤ-ਲਿਪੀ ਦਾ ਸੰਖੇਪ ਇਤਿਹਾਸ

ਮਨੁੱਖੀ ਸੱਭਿਅਤਾ ਵਾਂਗ ਮਨੁੱਖੀ ਭਾਸ਼ਾਵਾਂ ਦਾ ਇਤਿਹਾਸ ਵੀ ਬਹੁਤ ਪੁਰਾਣਾ ਹੈ। ਮਨੁੱਖੀ ਦਿਮਾਗ ਦੇ ਵਿਕਾਸ ਦੇ ਨਾਲ-ਨਾਲ ਭਾਸ਼ਾਵਾਂ ਦਾ ਵਿਕਾਸ ਵੀ ਪੜਾਅ-ਦਰ-ਪੜਾਅ ਹੁੰਦਾ ਆਇਆ ਹੈ। ਭਾਸ਼ਾਵਾਂ ਨੂੰ ਸੰਕੇਤਕ ਰੂਪ ਵਿੱਚ ਲਿਖਣ ਲਈ ਸੰਕੇਤ-ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ। ਹਰ ਇੱਕ ਭਾਸ਼ਾ ਦੀ ਆਪਣੀ ਇੱਕ ਸੰਕੇਤ-ਲਿਪੀ ਹੁੰਦੀ ਹੈ। ਸੰਕੇਤ-ਲਿਪੀ ਦੇ ਅੰਤਰਗਤ ਕਿਸੇ ਵੀ ਭਾਸ਼ਾ ਨੂੰ ਤੇਜ਼ ਗਤੀ ਨਾਲ ਲਿਖਣ ਲਈ ਨਿਸ਼ਚਿਤ ਕੀਤੇ ਸੰਕੇਤਾਂ ਦੀ ਵਰਤੋਂ ਕੀਤੀ ਜਾਂਦੀ ਹੈ। ਮਨੁੱਖੀ ਵਿਚਾਰਧਾਰਾ ਦੇ ਵਿਕਾਸ ਵਿੱਚ ਸੰਕੇਤ ਲਿਪੀ ਨੇ ਬਹੁਤ ਹੀ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਨਿਊਯਾਰਕ ਦੇ ਸਕੂਲ ਆਫ ਐਜੂਕੇਸ਼ਨ ਦੇ ਪ੍ਰੋਫੈਸਰ 'ਹੈਲਨ ਰੈਨਲਡਜ਼' ਅਨੁਸਾਰ ਈਸਾ ਤੋਂ ਪਹਿਲਾਂ ਵੀ ਸੰਕੇਤ-ਲਿਪੀ ਦੀ ਵਰਤੋਂ ਕੀਤੀ ਜਾਂਦੀ ਸੀ। ਹੈਲਨ ਅਨੁਸਾਰ ਯੂਨਾਨ ਵਿੱਚ ਭਾਸ਼ਨਾਂ ਅਤੇ ਕਵਿਤਾਵਾਂ ਨੂੰ ਸੰਕੇਤ ਲਿਪੀ ਵਿੱਚ ਨੋਟ ਕੀਤਾ ਜਾਂਦਾ ਸੀ। ਇਤਿਹਾਸਕ ਸਰੋਤਾਂ ਅਨੁਸਾਰ ਦੁਨੀਆ ਦਾ ਪਹਿਲਾ ਸਟੈਨੋਗ੍ਰਾਫਰ 'ਮਾਰਕਸ ਟੂਲੀਅਸ ਟੀਰੋਂ' ਹੋਇਆ ਹੈ ਜਿਸ ਨੇ 63 ਪੂਰਵ ਈਸਾ ਵਿੱਚ ਸਿਸਰੋ ਅਤੇ ਯੰਗਰ ਕੈਟੋ ਦੇ ਭਾਸ਼ਨਾਂ ਨੂੰ ਸੰਕੇਤ ਲਿਪੀ ਵਿੱਚ ਲਿਪੀਬੱਧ ਕੀਤਾ ਸੀ। ਕਿਹਾ ਜਾਂਦਾ ਹੈ ਕਿ ਮਾਰਕਸ ਦੇ ਇਹ ਨੋਟ ਹੀ ਅੱਗੇ ਜਾ ਕੇ ਸੰਕੇਤ ਲਿਪੀਆਂ ਲਈ ਆਧਾਰਭੂਤ ਸਮੱਗਰੀ ਬਣੇ। ਮਾਰਕਸ ਦਾ ਸੰਕੇਤ ਲਿਪੀ ਦਾ ਸਿਧਾਂਤ ਵਰਣ-ਵਿਨਿਆਸ ਸਿਧਾਂਤ ਉੱਤੇ ਆਧਾਰਿਤ ਸੀ।

ਰੋਮਨ ਸਕਾਲਰਾਂ ਨੇ ਵੀ ਸੰਕੇਤ-ਲਿਪੀ ਦੀ ਪ੍ਰਣਾਲੀ ਨੂੰ ਅਪਣਾਇਆ ਅਤੇ ਉਨ੍ਹਾਂ ਨੇ ਇਹ ਵਿਧੀ ਭਾਸ਼ਨਾਂ ਜਾਂ ਕਾਰਵਾਈਆਂ ਨੂੰ ਨੋਟ ਕਰਨ ਲਈ ਵਰਤੀ। ਬ੍ਰਿਟਿਸ਼ ਅਜਾਇਬ-ਘਰ ਵਿੱਚ ਖਰੜਾ ਨੰਬਰ 18231 ਮਿਲਦਾ ਹੈ ਜੋ ਕਿ 972 ਈਸਵੀ ਦਾ ਹੈ ਇਸ ਖਰੜੇ ਵਿੱਚ ਵੀ ਸੰਕੇਤ-ਲਿਪੀ ਦੇ ਨੋਟ ਮਿਲਦੇ ਹਨ ਡਾ. ਟਿਮੋਥੀ ਬ੍ਰਾਈਟ ਨੂੰ ਨਵੀਨ ਸੰਕੇਤ-ਲਿਪੀ ਦਾ ਮੋਢੀ ਕਿਹਾ ਜਾਂਦਾ ਹੈ ਉਸ ਨੇ 1588 ਈਸਵੀ ਵਿੱਚ 'ਐਨ ਆਰਟ ਆਫ ਸ਼ਾਰਟ ਸਵਿਫਟ ਐਂਡ ਸੀਕ੍ਰੇਟ ਰਾਈਟਿੰਗ ਕਰੈਕਟਰ' ਨਾਮ ਦੀ ਕਿਤਾਬ ਰਚ ਕੇ ਸੰਕੇਤ-ਲਿਪੀ ਦੀਆਂ ਨਵੀਆਂ ਲੀਹਾਂ ਦੀ ਬੁਨਿਆਦ ਕਾਇਮ ਕੀਤੀ ਇਸ ਪੁਸਤਕ ਵਿਚਲੀ ਸੰਕੇਤ-ਲਿਪੀ ਪ੍ਰਣਾਲੀ ਨੂੰ ਬ੍ਰਾਈਟ ਪ੍ਰਣਾਲੀ ਕਿਹਾ ਜਾਂਦਾ ਹੈ। ਬ੍ਰਾਈਟ ਨੇ ਆਪਣੀ ਇਹ ਪੁਸਤਕ ਇੰਗਲੈਂਡ ਦੀ ਤਤਕਾਲੀ ਮਲਿਕਾ ਮਹਾਰਾਣੀ 'ਅਲਿਜਾਬੈੱਥ' ਨੂੰ ਸਮਰਪਿਤ ਕੀਤੀ। ਜਾਨ ਵਿਲੀਅਸ ਨੇ 'ਆਰਟ ਆਫ ਸਟੈਨੋਗ੍ਰਾਫੀ' ਨਾਮ ਦੀ ਪੁਸਤਕ ਦੀ ਰਚਨਾ ਕੀਤੀ ਜੋ ਕਿ ਵਰਣ-ਵਿਨਿਆਸ ਸਿਧਾਂਤ ਤੇ ਆਧਾਰਿਤ ਸੀ ਅਤੇ ਇਸ ਵਿੱਚ ਅੱਖਰ ਪ੍ਰਧਾਨ ਸਨ ਅਤੇ ਸਵਰਾਂ ਨੂੰ ਬਹੁਤੀ ਵਿਸ਼ੇਸ਼ ਥਾਂ ਹਾਸਿਲ ਨਹੀਂ ਸੀ।

ਸਮੇਂ ਦੇ ਨਾਲ-ਨਾਲ ਸੰਕੇਤ-ਲਿਪੀ ਦੇ ਖੇਤਰ ਵਿੱਚ ਵੀ ਬਹੁਤ ਸਾਰੇ ਵਿਦਵਾਨਾਂ ਅਤੇ ਭਾਸ਼ਾ ਵਿਗਿਆਨੀਆਂ ਨੇ ਖੋਜ ਅਤੇ ਮਹੱਤਵਪੂਰਨ ਪ੍ਰਣਾਲੀਆਂ ਦਾ ਅਧਿਐਨ ਕੀਤਾ ਹੈ। ਵਿਸ਼ਵ ਵਿੱਚ ਅਜੋਕੇ ਸਮੇਂ ਵੀ ਸੰਕੇਤ-ਲਿਪੀ ਨਾਲ ਸਬੰਧਤ ਅਨੇਕਾਂ ਪ੍ਰਣਾਲੀਆਂ ਪ੍ਰਚਲਿਤ ਹਨ ਜੇਕਰ ਗੱਲ ਜਾਨ ਬ੍ਰਾਈਮ ਦੀ ਪੁਸਤਕ 'ਯੂਨੀਵਰਸਲ ਇੰਗਲਿਸ਼ ਸ਼ਾਰਟਹੈਂਡ' ਦੀ ਗੱਲ ਕਰੀਏ ਤਾਂ ਇਹ ਬਹੁਤ ਹੀ ਪ੍ਰਚੱਲਿਤ ਸੰਕੇਤ-ਲਿਪੀ ਪ੍ਰਣਾਲੀ ਵਾਲੀ ਪੁਸਤਕ ਬਣੀ ਜਾਨ ਬ੍ਰਾਈਮ ਨੇ ਇਸ ਦੀ ਰਚਨਾ 1767 ਈਸਵੀ ਵਿੱਚ ਕੀਤੀ। ਉਸ ਨੇ ਆਪਣੀ ਇਸ ਪੁਸਤਕ ਵਿੱਚ ਰੇਖਾਵਾਂ ਨੂੰ ਲਿਖਣ ਵੇਲੇ ਉਨ੍ਹਾਂ ਦੀ ਮੁੱਢਲੀ ਸਥਿਤੀ ਅਤੇ ਉਨ੍ਹਾਂ ਦੇ ਸਥਾਨ ਦਾ ਵਿਸ਼ੇਸ਼ ਜ਼ਿਕਰ ਕੀਤਾ ਅਤੇ ਵਿਅੰਜਨ ਰੇਖਾਵਾਂ ਨਾਲ ਸਵਰ ਲਾਉਣ ਲਈ ਪੰਜ ਸਥਾਨ ਨਿਯੁਕਤ ਕੀਤੇ।1786 ਈਸਵੀ ਵਿੱਚ 'ਸੈਮੂਅਲ ਟੇਲਰ' ਨਾਂ ਦੇ ਵਿਅਕਤੀ ਨੇ ਆਪਣੀ ਇੱਕ ਕਿਤਾਬ ਸੰਕੇਤ ਲਿਪੀ ਦੇ ਨਿਯਮਾਂ ਨੂੰ ਦਰਸਾਉਂਦੀ ਪ੍ਰਕਾਸ਼ਿਤ ਕੀਤੀ ਜਿਸ ਵਿੱਚ ਉਸ ਨੇ ਹਰ ਇੱਕ ਅੱਖਰ ਲਈ ਇੱਕ ਵਿਸ਼ੇਸ਼ ਰੇਖਾ ਨੂੰ ਨਿਸ਼ਚਿਤ ਕੀਤਾ ਅਤੇ ਟੇਲਰ ਦੀ ਇਹ ਵਿਧੀ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਮਕਬੂਲ ਹੋਈ। ਧੁਨੀ ਪ੍ਰਣਾਲੀ ਦੇ ਖੇਤਰ ਉੱਤੇ ਜੇ ਗਹੁ ਨਾਲ ਵਿਚਾਰ ਕੀਤੀ ਜਾਵੇ ਤਾਂ ਇਹ ਵੇਖਣ ਵਿੱਚ ਆਉਂਦਾ ਹੈ ਕਿ ਧੁਨੀ ਪ੍ਰਣਾਲੀ ਦਾ ਮੁੱਢ 1750 ਈਸਵੀ ਵਿੱਚ ਇੰਗਲੈਂਡ ਵਿੱਚ ਬੱਝਾ। ਧੁਨੀਆਤਮਕ ਪ੍ਰਣਾਲੀ ਦਾ ਸੰਸਾਰ ਵਿੱਚ ਪਹਿਲਾ ਕਰਤਾ-ਧਰਤਾ ਵਿਲੀਅਮ ਟਿਫਿਨ ਹੋਇਆ ਹੈ ਅਤੇ ਇਸ ਤੋਂ ਬਾਅਦ ਵੱਖ-ਵੱਖ ਮੁਲਕਾਂ ਦੇ ਅਨੇਕਾਂ ਭਾਸ਼ਾ ਵਿਗਿਆਨੀਆਂ ਅਤੇ ਵਿਦਵਾਨਾਂ ਨੇ ਧੁਨੀ ਪ੍ਰਣਾਲੀ ਦੇ ਵਿੱਚ ਅਨੇਕਾਂ ਖੋਜਾਂ ਕੀਤੀਆਂ ਪਰ ਸੰਕੇਤ ਲਿਪੀ ਦੇ ਖੇਤਰ ਵਿੱਚ ਸ਼ੁਰੂਆਤ ਤੋਂ ਲੈ ਕੇ ਜੇ ਹੁਣ ਤੱਕ ਦੇ ਸਮੇਂ ਨੂੰ ਦੇਖਿਆ ਜਾਵੇ ਤਾਂ 'ਸਟੈਨੋਗ੍ਰਾਫਿਕ ਸਾਊਂਡਹੈਂਡ' ਪੁਸਤਕ ਦੇ ਕਰਤਾ ਸਰ ਆਈਜ਼ੈਕ ਪਿਟਮੈਨ ਨੂੰ ਸੰਕੇਤ-ਲਿਪੀ ਦਾ ਵਿਸ਼ਵ-ਵਿਆਪਕ ਪਿਤਾਮਾ ਮੰਨਿਆ ਜਾਂਦਾ ਹੈ। ਪਿਟਮੈਨ ਨੇ ਜਿਸ ਪ੍ਰਣਾਲੀ ਨੂੰ ਸੰਕੇਤ-ਲਿਪੀ ਵਿੱਚ ਅਪਣਾਇਆ ਸੰਕੇਤ-ਲਿਪੀ ਦੇ ਖੇਤਰ ਵਿੱਚ ਨਵੀਨ ਯੁੱਗ ਵਿੱਚ ਵੀ ਉਹੀ ਪ੍ਰਣਾਲੀ ਸਰਬ- ਵਿਆਪਕ ਹੋਈ ਹੈ। ਪਿਟਮੈਨ ਆਧਾਰਿਤ ਸੰਕੇਤ-ਲਿਪੀ ਵਿੱਚ ਹਰ ਅੱਖਰ ਦੀ ਧੁਨੀ ਦੇ ਆਧਾਰ ਤੇ ਇੱਕ ਨਿਸ਼ਚਿਤ ਰੇਖਾ ਨਿਰਧਾਰਿਤ ਕੀਤੀ ਗਈ ਹੈ ਅਤੇ ਰੇਖਾਵਾਂ ਗਣਿਤ ਦੇ ਰੂਪਾਂ ਦੇ ਆਧਾਰ ਤੇ ਬਣਾਈਆਂ ਗਈਆਂ ਹਨ। ਪਿਟਮੈਨ ਪ੍ਰਣਾਲੀ ਇਸ ਤੋਂ ਪਹਿਲਾਂ ਈਜਾਦ ਹੋਈਆਂ ਪ੍ਰਣਾਲੀਆਂ ਤੋਂ ਜ਼ਿਆਦਾ ਮਕਬੂਲ ਪ੍ਰਣਾਲੀ ਮੰਨੀ ਜਾਂਦੀ ਹੈ।

ਸੰਕੇਤ ਲਿਪੀ ਦਾ ਜ਼ਿਕਰ ਕਰਦੇ ਹੋਏ ਇਸ ਗੱਲ ਵੱਲ ਵੀ ਗੌਰ ਕਰਨ ਦੀ ਜ਼ਰੂਰਤ ਹੈ ਕਿ ਦੁਨੀਆ ਵਿੱਚ ਪਹਿਲੀ ਵਾਰ ਸੰਕੇਤ-ਲਿਪੀ ਦਾ ਪ੍ਰਯੋਗ ਅਦਾਲਤਾਂ ਦੇ ਖੇਤਰ ਵਿੱਚ 1649 ਈਸਵੀ ਵਿੱਚ ਜਾਨ ਲਿਲਬਰਨ ਨੇ ਅਦਾਲਤੀ ਮੁਕੱਦਮੇ ਨੂੰ ਨੋਟ ਕਰਨ ਲਈ ਕੀਤਾ ਪ੍ਰੰਤੂ ਦੂਜੇ ਪਾਸੇ ਸਰਕਾਰੀ ਦਸਤਾਵੇਜ਼ਾਂ ਨੂੰ ਘੋਖਣ ਉਪਰੰਤ ਇਹ ਸਾਹਮਣੇ ਆਉਂਦਾ ਹੈ ਕਿ ਥਾਮਸ ਗੁਰਨੀ ਨੂੰ 1738 ਈਸਵੀ ਵਿੱਚ ਬਤੌਰ ਸਰਕਾਰੀ ਸਟੈਨੋਗ੍ਰਾਫਰ ਓਲਡ ਬੇਲੀ ਦੀ ਕ੍ਰਿਮੀਨਲ ਅਦਾਲਤ ਵਿੱਚ ਨਿਯੁਕਤ ਕੀਤਾ ਗਿਆ ਅਤੇ ਕਿਹਾ ਜਾਂਦਾ ਹੈ ਕਿ ਥਾਮਸ ਗੁਰਨੀ ਉਹ ਪਹਿਲਾ ਇਨਸਾਨ ਸੀ ਜਿਸ ਨੂੰ ਸੰਕੇਤ-ਲਿਪੀ ਦਾ ਦਫਤਰੀ ਪ੍ਰਯੋਗ ਕਰਨ ਲਈ ਸਰਕਾਰੀ ਤੌਰ ਤੇ ਮਾਨਤਾ ਮਿਲੀ ਸੀ। ਸਾਡੇ ਮਹਾਨ ਦੇਸ਼ ਭਾਰਤ ਵਿੱਚ ਵੀ ਹਰੇਕ ਪ੍ਰਾਂਤ ਦੇ ਸਰਕਾਰੀ-ਤੰਤਰ ਵਿੱਚ ਪਿਟਮੈਨ ਸ਼ਾਰਟਹੈਂਡ ਪ੍ਰਣਾਲੀ ਆਧਾਰਿਤ ਸੰਕੇਤ-ਲਿਪੀ ਦਾ ਪ੍ਰਯੋਗ ਕੀਤਾ ਜਾਂਦਾ ਹੈ ਜੇ ਗੱਲ ਪੰਜਾਬੀ ਭਾਸ਼ਾ ਆਧਾਰਿਤ ਸੰਕੇਤ-ਲਿਪੀ ਦੀ ਕਰੀਏ ਤਾਂ ਇਸ ਵਿੱਚ ਵੀ ਸਿੱਧੇ ਜਾਂ ਅਸਿੱਧੇ ਤੌਰ ਤੇ ਪਿਟਮੈਨ ਪ੍ਰਣਾਲੀ ਵਾਲੇ ਸਿਧਾਂਤ ਹੀ ਅਪਣਾਏ ਗਏ ਹਨ ਪ੍ਰੰਤੂ ਸੰਕੇਤ-ਲਿਪੀ ਦੇ ਵਿਦਵਾਨਾਂ ਅਨੁਸਾਰ ਭਾਸ਼ਾ ਦੀਆਂ ਬਰੀਕੀਆਂ ਅਤੇ ਲੋੜੀਂਦੇ ਸ਼ਬਦ-ਜੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਲੋੜ ਅਨੁਸਾਰ ਸ਼ਬਦ ਚਿੰਨ੍ਹਾਂ,ਸੰਖਿਪਤ ਸ਼ਬਦਾਂ,ਕਾਟਵੀਆਂ ਰੇਖਾਵਾਂ ਅਤੇ ਵਾਕੰਸ਼ਾਂ ਦੀ ਵਰਤੋਂ ਦੇ ਸਿਧਾਂਤ ਵੀ ਪੰਜਾਬੀ ਸੰਕੇਤ-ਲਿਪੀ ਵਿੱਚ ਈਜਾਦ ਕੀਤੇ ਗਏ ਹਨ। ਪੰਜਾਬੀ ਸੰਕੇਤ-ਲਿਪੀ ਦੇ ਇਤਿਹਾਸ ਵਿੱਚ ਸਭ ਤੋਂ ਪਹਿਲਾ ਨਾਮ 'ਕੰਵਰ ਰਾਬਿੰਦਰ ਸਿੰਘ' ਦਾ ਆਉਂਦਾ ਹੈ ਜਿਨ੍ਹਾਂ ਨੇ 15 ਫਰਵਰੀ 1948 ਵਿੱਚ ਪਿਟਮੈਨ ਪ੍ਰਣਾਲੀ ਵਿੱਚ ਨਿਰਧਾਰਿਤ ਰੇਖਾਵਾਂ ਦੀ ਦਿਸ਼ਾ ਤੋਂ ਉਲਟ ਦਿਸ਼ਾ ਦਰਸਾਉਂਦੀ ਰਾਬਿੰਦਰਾ ਗੁਰਮੁੱਖੀ ਸ਼ਾਰਟਹੈਂਡ ਨਾਂ ਦੀ ਪੁਸਤਕ ਦੀ ਰਚਨਾ ਕੀਤੀ। ਕੰਵਰ ਰਾਬਿੰਦਰ ਸਿੰਘ ਭਾਸ਼ਾ ਵਿਭਾਗ ਪੰਜਾਬ ਵਿੱਚ ਇੰਸਟ੍ਰਕਟਰ,ਸੁਪਰਵਾਈਜ਼ਰ ਅਤੇ ਖੋਜ ਅਫਸਰ(ਸਟੈਨੋਗ੍ਰਾਫੀ) ਆਦਿ ਅਹੁਦਿਆਂ ਤੇ ਸੇਵਾ ਨਿਭਾਉਂਦੇ ਰਹੇ ਹਨ ਜਿਸ ਕਾਰਨ ਉਨ੍ਹਾਂ ਨੇ ਸੰਕੇਤ ਲਿਪੀ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਇਸ ਤੋਂ ਇਲਾਵਾ ਪੰਜਾਬੀ ਸੰਕੇਤ-ਲਿਪੀ ਵਿੱਚ ਸਰਦੂਲ ਸੰਖੇਪ ਲਿਪੀ (1948) ਰਚੇਤਾ ਪ੍ਰੋਫੈਸਰ ਜੋਗਿੰਦਰ ਸਿੰਘ/ ਸਰਦੂਲ ਸਿੰਘ, ਆਦਰਸ਼ ਪੰਜਾਬੀ ਸ਼ਾਰਟਹੈਂਡ (1963) ਰਚੇਤਾ ਸਰਦਾਰ ਮੰਗਲ ਸਿੰਘ ਗਿਆਨੀ, ਪਾਲ ਸੰਕੇਤ ਲਿਪੀ (1969) ਰਚੇਤਾ ਭੂਸ਼ਨ ਕੁਮਾਰ,ਨਵੀਨ ਪੰਜਾਬੀ ਸੰਕੇਤਕਰਨ (1971) ਰਚੇਤਾ ਕਰਤਾਰ ਸਿੰਘ ਐੱਮ.ਏ, ਸਰਨ ਸਤਿੰਦਰ ਪੰਜਾਬੀ ਸ਼ਾਰਟਹੈਂਡ (1976) ਰਚੇਤਾ ਸਰਦਾਰ ਰਾਜਿੰਦਰ ਸਿੰਘ ਬੀ.ਏ, ਸਿਸਟੇਮੈਟਿਕ ਪੰਜਾਬੀ ਸਟੈਨੋ ਅਧਿਆਪਕ (1988) ਰਚੇਤਾ ਸਰਦਾਰ ਅਮਰੀਕ ਸਿੰਘ ਐੱਮ.ਏ. ਆਦਿ ਵੱਖ-ਵੱਖ ਸਿਧਾਂਤਾਂ ਨੂੰ ਪ੍ਰਣਾਈਆਂ ਪੁਸਤਕਾਂ ਹੋਂਦ ਵਿੱਚ ਆਈਆਂ। ਅਜੋਕੇ ਸਮੇਂ ਵਿੱਚ ਸਭ ਤੋਂ ਮਕਬੂਲ ਪੁਸਤਕ 'ਪ੍ਰਮਾਣਿਕ ਸੰਕੇਤ-ਲਿਪੀ' (1991) ਹੋਈ ਹੈ ਇਸ ਪੁਸਤਕ ਦੀ ਰਚਨਾ ਭਾਸ਼ਾ ਵਿਭਾਗ ਪੰਜਾਬ ਵਿੱਚ ਸਥਾਪਤ ਸਟੈਨੋਗ੍ਰਾਫੀ ਖੋਜ ਵਿੰਗ ਵੱਲੋਂ ਕੀਤੀ ਗਈ। ਪ੍ਰਮਾਣਿਕ ਸੰਕੇਤ-ਲਿਪੀ ਪੁਸਤਕ ਵਿੱਚ ਥ ਅਤੇ ਸ ਵਿਅੰਜਨ ਰੇਖਾ ਤੋਂ ਬਿਨਾਂ ਬਾਕੀ ਦੀਆਂ ਵਿਅੰਜਨ ਰੇਖਾਵਾਂ ਪਿਟਮੈਨ ਸ਼ਾਰਟਹੈਂਡ ਪ੍ਰਣਾਲੀ ਵਾਲੀਆਂ ਹੀ ਹਨ ਅਤੇ ਇਸ ਤੋਂ ਇਲਾਵਾ ਤ,ਥ,ਦ ਅਤੇ ਧ ਵਿਅੰਜਨ ਰੇਖਾਵਾਂ ਦੇ ਵਿਕਲਪੀ ਰੂਪ ਖੱਬਾ ਅਤੇ ਸੱਜਾ ਰੂਪ ਵਿੱਚ ਦਰਸਾਏ ਗਏ ਹਨ। ਸੰਕੇਤ-ਲਿਪੀ ਦੇ ਇਤਿਹਾਸ ਤੋਂ ਜਾਣੂੰ ਕਰਵਾਉਂਦੇ ਹੋਏ ਇੱਕ ਇਹ ਪਹਿਲੂ ਵੀ ਆਪ ਜੀ ਦੇ ਧਿਆਨ ਵਿੱਚ ਲਿਆ ਦਈਏ ਕਿ ਭਾਸ਼ਾ ਵਿਭਾਗ ਪੰਜਾਬ ਵਿੱਚ ਡਾਕਟਰ ਬ੍ਰਿਹਦਬਲ ਸ਼ਰਮਾ ਜੋ ਕਿ ਖੋਜ-ਅਫਸਰ ਸਟੈਨੋਗ੍ਰਾਫੀ ਦੀ ਆਸਾਮੀ ਤੇ ਕਾਰਜਸ਼ੀਲ ਰਹੇ ਹਨ ਉਨ੍ਹਾਂ ਦੁਆਰਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੰਜਾਬੀ ਸੰਕੇਤ-ਲਿਪੀ ਦਾ ਵਿਗਿਆਨਕ ਅਧਿਐਨ ਦੇ ਵਿਸ਼ਾ-ਵਿਸ਼ੇਸ਼ ਪ੍ਰਸੰਗ ਵਿੱਚ ਪੀ.ਐੱਚ.ਡੀ ਦੀ ਪਹਿਲੀ ਡਿਗਰੀ ਹਾਸਿਲ ਕਰਕੇ ਸੰਕੇਤ-ਲਿਪੀ ਦੇ ਖੇਤਰ ਵਿੱਚ ਇੱਕ ਮੀਲ-ਪੱਥਰ ਸਥਾਪਿਤ ਕੀਤਾ ਗਿਆ ਉਨ੍ਹਾਂ ਨੇ ਆਪਣੇ ਖੋਜ-ਕਾਰਜ ਵਿੱਚ ਸੰਕੇਤ-ਲਿਪੀ ਸਬੰਧੀ ਸਿੱਟੇ ਕੱਢਣ ਤੋਂ ਇਲਾਵਾ ਪੰਜਾਬੀ ਦੀਆਂ ਵਿਅੰਜਨ ਰੇਖਾਵਾਂ ਅਤੇ ਸਵਰ ਧੁਨੀਆਂ ਦੀ ਫਰੀਕੁਐਂਸੀ ਕੱਢਣ ਦਾ ਮਾਅਰਕਾ ਵੀ ਮਾਰਿਆ ਹੈ ਜਿਸ ਖੇਤਰ ਵਿੱਚ ਅੱਜ ਤੱਕ ਕਿਸੇ ਦਾ ਧਿਆਨ ਨਹੀਂ ਸੀ ਗਿਆ। ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾਕਟਰ ਬ੍ਰਿਹਦਬਲ ਸ਼ਰਮਾ ਨੂੰ ਸੰਕੇਤ-ਲਿਪੀ ਵਿੱਚ ਪੀ.ਐੱਚ.ਡੀ ਕਰਨ ਦੇ ਇਵਜ਼ ਵਜੋਂ 1 ਨਵੰਬਰ 1992 ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।



ਇੰਸ.ਗੁਰਪ੍ਰੀਤ ਸਿੰਘ ਚੰਬਲ
ਸੰਪਰਕ ਨੰ.98881-40052

# ਲਾਕਡਾਊਨ ਦੌਰਾਨ ਪ੍ਰਵਾਸੀ ਮਜਦੂਰਾਂ ਦੇ ਵੱਡੇ ਕਾਫਲਿਆਂ 'ਚ ਪੈਦਲ ਜਾਣ ਲਈ ਕੌਣ ਜ਼ਿੰਮੇਵਾਰ



ਨਵਾਂ ਸਾਲ ੨੦੨੦ ਚੜ੍ਹਿਆ ਲੋਕਾਂ ਨੇ ਨਵੇਂ ਸਾਲ ਦੀਆਂ ਇੱਕ ਦੂਜੇ ਨੂੰ ਮੁਬਾਰਕਾਂ ਦਿੱਤੀਆਂ।ਇਹ ਕੀ ਪਤਾ ਸੀ ਅਗਲੇ ਮਹੀਨਆਂ ਤੋਂ ਸਾਰੀਆਂ ਖੁਸ਼ੀਆਂ ਵਾਲੀਆਂ ਗੱਲਾਂ ਆਲੋਪ ਹੀ ਹੋ ਜਾਣਗੀਆਂ ,ਨਾ ਕੋਈ ਵਿਆਹ ਸਮਾਗਮ,ਨਾ ਕੋਈ ਭੋਗ ਸਮਾਗਮ,ਨਾ ਕੋਈ ਹੋਰ ਇੱਕਠੇ ਹੋ ਕੇ ਕੋਈ ਖੁਸ਼ੀ ਵਾਲੀ ਗੱਲ ਕਰਨ ਦੀ ਹਿੰਮਤ ਹੋਵੇਗੀ।ਭਾਰਤ ਅੰਦਰ ਕਾਰੋਨਾ ਦੀ ਮਹਾਂਮਾਰੀ ਦੇ ਡਰੋਂ ਪੂਰੇ ਦੇਸ਼ ਵਿੱਚ ੨੧ ਮਾਰਚ ਨੂੰ ਲਾਕ ਡਾਊਨ ਲਾ ਦਿੱਤਾ।ਸਾਰੇ ਦੇਸ਼ ਅੰਦਰ ਲੋਕਾਂ ਦਾ ਏਨਾ ਲੰਮਾ ਸਮਾਂ ਜ਼ਿੰਦਗੀ ਜਿਊਣ ਦਾ ਨਿਵੇਕਲਾ ਢੰਗ ਪਹਿਲੀ ਵਾਰ ਇਤਿਹਾਸ ਵਿੱਚ ਆਇਆ।ਸੁਰੂ 'ਚ ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ,ਧਾਰਮਿਕ ,ਸਮਾਜ-ਸੇਵੀ ਸੰਸਥਾਵਾਂ ,ਦਾਨੀ ਸੱਜਣਾਂ ਵਲੋਂ ਲੰਗਰ ਅਤੇ ਰਾਸ਼ਨ ਆਦਿ ਲੋੜਵੰਦਾਂ ਤੱਕ ਪਹੁੰਚਾਉਣ ਲਈ ਬੜੇ ਹੀ ਜੋਸ਼ ਨਾਲ ਪੰਜਾਬੀਆਂ ਦੇ ਪੁਰਾਤਨ ਸੁਭਾਅ ਮੁਤਾਬਕ ਸੇਵਾ ਕੀਤੀ। ਪਰ ਕਰੋਨਾ ਦੇ ਡਰੋਂ ਸਰਕਾਰ ਨੇ ਲੰਗਰਾਂ ਆਦਿ ਦੀ ਮੁਫਤ 'ਚ ਕੀਤੀ ਜਾ ਰਹੀ ਸੇਵਾ ਤੇ ਰੋਕ ਲਾ ਦਿੱਤੀ।ਮਜਦੂਰ,ਖਾਸ ਕਰਕੇ ਲੁਧਿਆਣੇ ਦੇ ਪ੍ਰਵਾਸੀ ਮਜਦੂਰ ਮੂਹਰੇ ਕੋਈ ਕੰਮ ਨਾ ਚਲਣ ਦੀ ਸੰਭਾਵਨਾ ਨੂੰ ਦੇਖ ਕੇ ਆਪਣੇ ਰਾਜਾਂ 'ਚ ਆਪਣੇ ਘਰਾਂ ਨੂੰ ਜਾਣ ਲਈ ਬੜੇ ਕਠੋਰ ਫੈਸ਼ਲੇ ਨਾਲ ਮਨ ਨੂੰ ਰਾਜ਼ੀ ਕਰਕੇ ਆਪਣਾ ਥੋੜਾ ਮੋਟਾ ਲੋੜੀਂਦਾ ਸਮਾਨ ਲੈ ਕੇ ਪੈਦਲ ਹੀ ਸੜਕਾ ਤੇ ਨਿਕਲਣ ਲਈ ਮਜਬੂਰ ਹੋ ਗਏ।ਇਹ ਪ੍ਰਵਾਸੀ ਲੋਕ ਰੇਲਵੇ ਲਾਈਨ ਦੇ ਨਾਲ ਨਾਲ ਤੁਰਦੇ ਸ਼ੋਸ਼ਲ ਮੀਡੀਏ ਨੇ ਦਿਖਾਏ। ਇਨ੍ਹਾਂ ਹਾਲਾਤਾਂ ਤੇ ਕਈ ਗੀਤ ਵੀ ਇਨ੍ਹਾਂ ਦੇ ਦਰਦਾਂ ਨੂੰ ਬਿਆਨਦੇ ਕਈ ਗਾਇਕਾਂ ਵਲੋਂ ਗੀਤ ਗਾ ਕੇ ਸਰਕਾਰਾਂ ਪਾਸ ਆਵਾਜ਼ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ।ਸ਼ੋਸ਼ਲ ਮੀਡੀਏ ਤੇ ਪਾਏ ਦਰਦਨਾਇਕ ਦ੍ਰਿਸ਼ ਭਾਰਤ ਸਰਕਾਰ ਦੇ ਮਜਦੂਰਾਂ ਲਈ ਹਰ ਮਦਦ ਕਰਨ ਦੇ ਦਾਵਿਆਂ ਤੋਂ ਕਿਤੇ ਦੂਰ ਦੀ ਗੱਲ ਕਰਦੇ ਦਿਖਾਈ ਦਿੰਦੇ ਹਨ। ਬਜ਼ੁਰਗ ਔਰਤਾਂ ,ਗਰਭਪਤੀ ਔਰਤਾਂ,ਬੱਚੇ ਕਿਸ ਹਾਲਾਤਾਂ 'ਚ ਪੈਦਲ ਚਲਣ ਲਈ ਮਜਬੂਰ ਕੀਤੇ ਗਏ,ਇਹ ਸੱਚ ਮੁੱਚ ਜਾਂਚ ਦਾ ਵਿਸ਼ਾ ਹੈ।ਇਨ੍ਹਾਂ ਲੋਕਾਂ ਲਈ ਲੋੜੀਂਦੇ ਪ੍ਰਬੰਧਾਂ ਲਈ ਜਾਰੀ ਹੋਏ ਫੰਡ ਕਿੱਧਰ ਗਏ।ਪਰ ਕੇਂਦਰ ਸਰਕਾਰ ਜਾਂ ਰਾਜ ਸਰਕਾਰ ਦਾ ਇਨ੍ਹਾਂ ਪ੍ਰਤੀ ਵਤੀਰਾ ਮਾੜਾ ਹੀ ਦਿਖਾਈ ਦਿੱਤਾ। ਭਾਵੇਂ ਕਿ ਪੰਜਾਬ ਅੰਦਰ ਦੂਜੇ ਰਾਜਾਂ 'ਚ ਜਾਣ ਲਈ ਆਨ ਲਾਈਨ ਰਜਿਸ਼ਟ੍ਰੇਸ਼ਨ ਕਰਾਉਣ ਲਈ ਪ੍ਰਬੰਧ ਕੀਤੇ ਹੋਏ ਹਨ ਪਰ ਰਜਿਸ਼ਟ੍ਰੇਸ਼ਨ ਹੋਣ ਤੇ ਵੀ ਪ੍ਰਵਾਸੀਆਂ ਦੇ ਜਾਣ ਲਈ ਪੰਦਰਾਂ-ਪੰਦਰਾਂ ਦਿਨਾਂ ਤੋਂ ਵੀ ਵੱਧ ਸਮਾਂ ਬੀਤਣ ਤੇ ਕੋਈ ਜਾਣ ਦੇ ਪ੍ਰਬੰਧਾਂ ਦਾ ਸੁਨੇਹਾ ਨਾ ਆਉਣ ਦੇ ਦੋਸ਼ ਲੱਗ ਰਹੇ ਹਨ।ਸਰਕਾਰਾਂ ਦੇ ਢਿੱਲੇ ਪ੍ਰਬੰਧਾਂ ਦੀ ਕਾਰਗੁਜ਼ਾਰੀ ਸਭ ਦੇ ਸਾਹਮਣੇ ਹੈ।ਪੰਜਾਬ ਅੰਦਰ ਤਾਂ ਇਨ੍ਹਾਂ ਮਜਦੂਰਾਂ ਨੂੰ ਸਾਭਣ ਦੀ ਲੋੜ ਸੀ ਕਿਉਂ ਕਿ ਆਉਣ ਵਾਲੇ ਦਿਨਾਂ 'ਚ ਝੋਨੇ ਦੀ ਬਿਜਾਈ ਦਾ ਕੰਮ ਸੁਰੂ ਹੋਣ ਵਾਲਾ ਹੈ ,ਮਜਦੂਰਾਂ ਦੀ ਘਾਟ ਕਾਰਨ ਕਿਸਾਨਾਂ ਲਈ ਇਹ ਕੰਮ ਕਿਸ ਤਰ੍ਹਾਂ ਪੂਰ ਚੜ੍ਹੇਗਾ,ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।ਵੈਸੇ ਇਸ ਲਈ ਰਾਜ ਸਰਕਾਰ ਦੀ ਪ੍ਰਵਾਸੀ ਮਜਦੂਰਾਂ ਪ੍ਰਤੀ ਬੇਰੁੱਖੀ ਦਾ ਪ੍ਰਗਟਾਵਾ ਹੀ ਕਿਸੇ ਹੱਦ ਤੱਕ ਜ਼ਿੰਮੇਵਾਰ ਹੈ।ਕਈ ਰਾਜਾਂ ਅੰਦਰ ਪੈਦਲ ਜਾ ਰਹੇ ਮਜਦੂਰਾਂ ਨੇ ਗੁੱਸੇ 'ਚ ਆ ਕੇ ਸੜਕਾਂ ਤੇ ਜਾ ਰਹੇ ਵਾਹਨਾਂ ਦੀ ਤੋੜ ਭੰਨ ਕਰਕੇ ਰੋਸ ਜਿਤਾਇਆ ਹੈ ,ਜਿਸ ਨਾਲ ਪਬਲਿਕ ਦਾ ਨੁਕਸਾਨ ਹੋਇਆ ਹੈ ,ਸਰਕਾਰਾਂ ਨੂੰ ਇਸ ਨੁਕਸਾਨ ਦੀ ਪੂਰਤੀ ਕਰਕੇ ਸਬੰਧਤ ਲੋਕਾਂ ਨੂੰ ਰਾਹਤ ਦੇਣੀ ਚਾਹੀਦੀ ਹੈ ਅਤੇ ਇਸ ਤੋਂ ਅੱਗੇ ਲਈ ਸਬਕ ਲੈਣ ਦੀ ਲੋੜ ਹੈ।

ਬਾਹਰਲੇ ਦੇਸ਼ਾਂ ਵਿੱਚ ਕਰੋਨਾ ਮਹਾਂਮਾਰੀ ਸਦਕਾ ਦੇਸ਼ ਦੇ ਵਾਸੀਆਂ ਲਈ ਹਰ ਸੰਭਵ ਮਦਦ ਦਾ ਯਤਨ ਕੀਤਾ ਗਿਆ ਹੈ।ਕਨੇਡਾ ਸਰਕਾਰ ਨੇ ਤਾਂ ਇਥੋਂ ਤੱਕ ਵਿਦੇਸ਼ੀ ਵਿਦਿਆਰਥੀਆਂ ਦੇ ਲਈ ਵੀ ਵਿਸ਼ੇਸ਼ ਵਿੱਤੀ ਪੈਕੇਜ਼ ਦਿੱਤਾ ਹੈ ,ਹਰੇਕ ਵਿਦਿਆਰਥੀ ਦੇ ਖਾਤੇ ਵਿੱਚ ਪੈਸੇ ਪਾਕੇ ਉਨ੍ਹਾਂ ਦੇ ਹੌਸ਼ਲੇ ਬੁਲੰਦ ਰੱਖਣ ਦਾ ਸਲਾਹੁਣਯੋਗ ਕੰਮ ਕੀਤਾ ਹੈ।ਸਾਡੇ ਦੇਸ਼ ਦੇ ਮੱਧ ਵਰਗੀ ਲੋਕਾਂ ਲਈ ਇਹ ਬਹੁਤ ਮੁਸ਼ਕਲ ਦੀ ਘੜੀ ਹੈ ,▲ਨ੍ਹਾਂ ਕੋਲ ਨਾ ਕੋਈ ਵਿਸ਼ੇਸ਼ ਰਿਆਇਤ ਹੈ ਨਾ ਕੋਈ ਕੰਮ ਚਲਿਆ ਹੈ ਨਾ ਹੀ ਅਜੇ ਕੋਈ ਸੰਭਾਵਨਾ ਹੈ।ਘੱਟੋ ਘੱਟ ਬਿਜਲੀ ਦੇ ਬਿਲ, ਦੁਕਾਨਾਂ ਦੇ ਕਿਰਾਏ ,ਬੱਚਿਆਂ ਦੀਆਂ ਫੀਸਾਂ ,ਬੈਂਕ ਦੀਆਂ ਕਿਸ਼ਤਾਂ ਆਦਿ ਮੁਆਫ ਹੋਣੇ ਚਾਹੀਦੇ ਹਨ।ਸਰਕਾਰ ਕਹਿੰਦੀ ਹੈ ਕਿ ਇਸ ਸਮੇਂ ਦੌਰਾਨ ਕਿਸਤਾਂ , ਕਿਰਾਏ ਬਗੈਰਾ ਅੱਗੇ ਪਾ ਦਿੱਤੇ ਜਾਣ ,ਇਹ ਕਿਹੜੀ ਰਾਹਤ ਹੈ,ਸਗੋਂ ਇੱਕ ਵੱਡੀ ਰਕਮ ਇੱਕਠੀ ਹੋ ਸਾਹਮਣੇ ਖੜ੍ਹ ਜਾਵੇਗੀ ,ਜਿਹੜੀ ਦੇਣੀ ਹੋਰ ਵੀ ਮੁਸ਼ਕਲ ਹੋ ਜਾਵੇਗੀ।ਸਰਕਾਰ ਨੂੰ ਮੱਧ ਵਰਗੀ ਲੋਕਾਂ ਲਈ ਹਰ ਕਿਸਮ ਦੀ ਰਾਹਤ ਦੇਣ ਲਈ ਕੋਈ ਨੀਤੀ ਬਣਾ ਕੇ ਮਦਦ ਕਰਨੀ ਚਾਹੀਦੀ ਹੈ ਤਾਂ ਕਿ ਇਹ ਵਰਗ ਦੇ ਲੋਕ ਕਿਤੇ ਸਮਾਜ 'ਚ ਅਲੱਗ ਥਲੱਗ ਨਾ ਹੋ ਜਾਣ।ਸਾਡੇ ਦੇਸ਼ ਦੀ ਆਰਥਿਕ ਦਸ਼ਾ ਦਾ ਜੋ ਹਾਲ ਅੱਗੇ ਜਾ ਕੇ ਹੋਣਾ ਹੈ ਉਹ ਕਿਸੇ ਤੋਂ ਲੁੱਕਿਆ ਹੋਇਆ ਨਹੀਂ।ਹੁਣ ਪ੍ਰਧਾਨ ਮੰਤਰੀ ਨੇ ਦੇਸ਼ ਦੇ ਵਾਸੀਆਂ ਲਈ ਵੀਹ ਲੱਖ ਕਰੋੜ ਰੁਪਏ ਦਾ ਪੈਕੇਜ਼ ਦਾ ਐਲਾਨ ਤਾਂ ਕਰ ਦਿੱਤਾ ਪਰ ਕੀ ਇਹ ਲਾਕਡਾਊਨ ਕਾਰਨ ਪ੍ਰਭਾਵਿਤ ਲੋਕਾਂ ਲਈ ਕੋਈ ਰਾਹਤ ਦੇਵੇਗਾ ,ਇਹ ਕੋਈ ਸੰਭਵ ਨਹੀਂ ਲੱਗਦਾ ਕਿਉਂ ਕਿ ਪਹਿਲੇ ਪੈਕੇਜ਼ ਦਾ ਜੋ ਹਸ਼ਰ ਹੋਇਆ ਹੈ ,ਰਾਜਾਂ ਅਤੇ ਕੇਂਦਰ ਦਰਮਿਆਨ ਰਾਜਨੀਤਕ ਨੇਤਾਵਾਂ ਨੇ ਕਾਵਾਂ ਰੌਲੀ ਪਾ ਕੇ ਇੱਕ ਦੂਜੇ ਤੇ ਦੂਸ਼ਣ ਲਾਉਣ ਤੋਂ ਇਲਾਵਾ ਕੁਝ ਨਹੀਂ ਹੋਇਆ।ਕਿਸੇ ਨੇ ਕੋਈ ਮਦਦ ਦੇਣ ਜਾਂ ਦਿਵਾਉਣ ਦਾ ਯਤਨ ਨਹੀਂ ਕੀਤਾ ਜਿਸ ਕਰਕੇ ਹੀ ਪ੍ਰਵਾਸੀ ਮਜਦੂਰਾਂ ਨੂੰ ਭੁੱਖੇ ਭਾਣੇ,ਪੈਦਲ ਹੀ ਆਪਣੇ ਘਰਾਂ ਨੂੰ ਜਾਣ ਲਈ ਮਜਬੂਰ ਕੀਤਾ।ਕੇਂਦਰ ਅਤੇ ਰਾਜ ਸਰਕਾਰਾਂ ਇਸ ਵਰਤਾਰੇ ਲਈ ਆਪਣੀ ਅਣਗਹਿਲੀ ਤੋਂ ਬਚ ਨਹੀਂ ਸਕਦੇ,ਲੋਕ ਅਗਲੀਆਂ ਚੋਣਾਂ 'ਚ ਜਰੂਰ ਇਸ ਦਾ ਜਵਾਬ ਦੇਣਗੇ।

**ਮੇਜਰ ਸਿੰਘ ਨਾਭਾ**

# ਇੱਕ ਪਾਸੜ ਕਾਨੂੰਨ ਅਤੇ ਮਰਦਾਂ ਦੀ ਮਾਨਸਿਕ ਪੀੜਾ: ਇੱਕ ਗੰਭੀਰ ਸਮਾਜਿਕ ਚੁਣੌਤੀ




ਕੁੱਝ ਖਬਰਾਂ ਵੇਖਕੇ ਅਤੇ ਪੜ੍ਹਕੇ ਬਹੁਤ ਸਾਰੇ ਸਵਾਲ ਆ ਘੇਰਦੇ ਹਨ।ਜਵਾਬ ਸਪੱਸ਼ਟ ਮਿਲਦੇ ਹੀ ਨਹੀਂ।ਸਵਾਲ ਆਪਣੇ ਕੋਲੋਂ ਵੀ ਹੈ ਅਤੇ ਸਮਾਜ ਵਿੱਚ ਰਹਿ ਰਹੇ ਹਰ ਕਿਸੇ ਕੋਲੋਂ ਹੈ।ਕੀ ਅਸੀਂ ਗਲਤੀਆਂ ਤੋਂ ਅਤੇ ਦੂਸਰੇ ਦੇ ਘਰ ਲੱਗੀ ਅੱਗ ਤੋਂ ਸਬਕ ਸਿਖਦੇ ਹਾਂ?ਕਾਨੂੰਨ ਬਣਾ ਦੇਣ ਨਾਲ ਮਸਲੇ ਹੱਲ ਕਿਵੇਂ ਹੋਣਗੇ ਜੇਕਰ ਕਾਨੂੰਨ ਨੂੰ ਸਹੀ ਤਰੀਕੇ ਨਾਲ ਅਤੇ ਸਖਤੀ ਨਾਲ ਲਾਗੂ ਨਾ ਕੀਤਾ ਜਾਵੇ।ਬਰਾਬਰਤਾ ਦੀ ਦੁਹਾਈ ਪਾਉਣ ਨਾਲ ਅਤੇ ਕਾਨੂੰਨ ਹੋਣ ਦੇ ਬਾਵਜੂਦ ਕਈ ਅਸੀਂ ਮੁੰਡੇ ਤੇ ਕੁੜੀ ਨੂੰ ਬਰਾਬਰ ਦੇ ਹੱਕ ਦੇ ਰਹੇ ਹਾਂ।ਅਸੀਂ ਲਿੰਗ ਦੇ ਆਧਾਰ ਤੇ ਫੈਸਲੇ ਕਰ ਰਹੇ ਹਾਂ ਜਾਂ ਨਹੀਂ।ਲੜਕੀਆ ਤੰਗ ਸਨ ਤਾਂ ਉਨ੍ਹਾਂ ਦੇ ਹੱਕ ਵਿੱਚ ਕਾਨੂੰਨ ਬਣਾ ਦਿੱਤਾ ਗਿਆ।ਉਸ ਵਿੱਚ ਦਹੇਜ ਦੇਣ ਤੇ ਲੈਣ ਵਾਲੇ ਦੋਨੋਂ ਗੁਨਾਹਗਾਰ ਕਹੇ ਗਏ, ਪਰ ਸਿਰਫ਼ ਲੜਕੇ ਨੂੰ ਗੁਨਾਹਗਾਰ ਮੰਨਿਆਂ ਜਾਂਦਾ ਹੈ।ਮੁਆਫ਼ ਕਰਨਾ ਘਰੇਲੂ ਹਿੰਸਾ ਲੜਕਿਆਂ ਤੇ ਵੀ ਬਹੁਤ ਹੋ ਰਹੀ ਹੈ।ਲੜਕੇ ਦੇ ਮਾਪਿਆਂ ਤੇ ਵੀ ਹੋ ਰਹੀ ਹੈ।ਪਰ ਵਧੇਰੇ ਕਰਕੇ ਲੜਕੇ ਦਾ ਪਰਿਵਾਰ ਕਿੱਧਰੇ ਸ਼ਕਾਇਤ ਨਹੀਂ ਕਰਦਾ ਕਿਉਂਕਿ ਉਸਦੀ ਸੁਣਵਾਈ ਨਹੀਂ ਹੁੰਦੀ ਅਤੇ ਮਜ਼ਾਕ ਉਡਾਇਆ ਜਾਂਦਾ ਹੈ।ਖੈਰ ਮੈਂ ਗੱਲ ਕਰਨ ਜਾ ਰਹੀ ਹਾਂ ਦਿੱਲੀ ਵਿੱਚ ਤੀਹ ਸਾਲਾ ਜੱਜ ਵੱਲੋਂ ਕੀਤੀ ਗਈ ਖ਼ੁਦਕਸ਼ੀ ਦੀ।ਇਸ ਵਕਤ ਇਹ ਕਹਿਣਾ ਕਿ ਕੁੜੀਆਂ ਤੇ ਅੱਤਿਆਚਾਰ ਹੋ ਰਿਹਾ ਹੈ ਪੂਰੀ ਤਰ੍ਹਾਂ ਨਾਲ ਮੰਨਣਾ ਮੂਰਖਤਾ ਹੈ।ਅਸਲ ਵਿੱਚ ਜਿਹੜੀਆਂ ਲੜਕੀਆਂ ਲਈ ਕਾਨੂੰਨ ਬਣਿਆ ਸੀ ਅਜੇ ਵੀ ਉਹ ਅਦਾਲਤਾਂ ਦੇ ਖਰਚੇ ਅਤੇ ਹੋਰ ਕਾਰਨਾਂ ਕਰਕੇ ਕੇਸਾਂ ਵਾਲੇ ਪਾਸੇ ਨਹੀਂ ਜਾਂਦੀਆਂ।ਇਸ ਵਕਤ ਲੜਕੇ ਵਿਆਹ ਕਰਨ ਤੋਂ ਕੰਨੀ ਕਤਰਾਉਣ ਲੱਗ ਗਏ ਹਨ।ਪੜ੍ਹੇ ਲਿਖੇ ਚੰਗੀਆਂ ਨੌਕਰੀਆਂ ਤੇ ਲੱਗੇ ਲੜਕਿਆਂ ਨੇ ਖ਼ੁਦਕਸ਼ੀਆਂ ਕੀਤੀਆਂ ਹਨ।ਪਰ ਨਾ ਕਾਨੂੰਨ ਘਾੜੇ,ਨਾ ਅਦਾਲਤਾਂ, ਨਾ ਪ੍ਰਸ਼ਾਸਨ ਅਤੇ ਨਾ ਸਮਾਜ ਗੰਭੀਰ ਹੋ ਰਿਹਾ ਹੈ।ਲੜਕੀਆਂ ਨੂੰ ਬਚਾਉਣ ਦੇ ਚੱਕਰ ਵਿੱਚ ਲੜਕੇ ਵੀ ਮਰਵਾਉਣ

ਪਰਭਜੋਤ ਕੌਰ ਢਿੱਲੋਂ ਮਹਾਲੀ,
ਮੋਬਾਇਲ ਨੰਬਰ 9815030221

ਲੱਗ ਗਏ।ਸਮਾਜ ਵਿੱਚ ਲੜਕੇ ਅਤੇ ਲੜਕੀਆਂ ਦੋਹਾਂ ਦਾ ਹੋਣਾ ਜ਼ਰੂਰੀ ਹੈ।ਕਿਸੇ ਇੱਕ ਨਾਲ ਸਮਾਜ ਨਹੀਂ ਚੱਲ ਸਕਦਾ।ਬੱਚੇ ਚਾਹੇ ਕੁੜੀਆਂ ਹਨ ਜਾਂ ਮੁੰਡੇ ਮਾਨਸਿਕ ਦਬਾਅ ਲੈਣ ਲਈ ਤਿਆਰ ਹੀ ਨਹੀਂ ਹਨ। ਨੌਜਵਾਨ ਬੱਚਿਆਂ ਦੀ ਅਰਥੀ ਮਾਪਿਆ ਦੇ ਮੋਢੇ ਤੇ ਲੱਕ ਤੋੜ ਦਿੰਦੀ ਹੈ। ਇੱਕ ਪਾਸੜ ਕਾਨੂੰਨ,ਇੱਕ ਪਾਸੜ ਫੈਸਲੇ ਅਤੇ ਇੱਕ ਪਾਸੜ ਸੋਚ ਪਰਿਵਾਰਾਂ ਨੂੰ ਤਬਾਹ ਕਰ ਰਹੀ ਹੈ।ਇੱਕ ਜਾਂ ਦੋ ਬੱਚੇ ਹੁੰਦੇ ਨੇ,ਸਾਰੇ ਹੀ ਲਾਡਾਂ ਨਾਲ ਪਾਲੇ ਹੋਏ ਨੇ।ਅੱਜ ਇੱਕ ਜੱਜ ਨੇ ਖ਼ੁਦਕਸ਼ੀ ਕਰਕੇ ਸਮਾਜ ਅਤੇ ਹਰ ਵਿਭਾਗ ਨੂੰ ਇੱਕ ਵਾਰ ਫੇਰ ਸੁਨੇਹਾ ਦਿੱਤਾ ਹੈ।ਪਹਿਲਾਂ ਵੀ ਬਹੁਤ ਪੜ੍ਹੇ ਲਿਖੇ ਲੜਕਿਆਂ ਨੇ ਖ਼ੁਦਕਸ਼ੀ ਕੀਤੀ ਸੀ।ਪਰ ਪੁਰਸ਼ ਆਯੋਗ ਤੱਕ ਬਣਾਉਣਾ ਸਹੀ ਨਹੀਂ ਸਮਝਿਆ ਜਾ ਰਿਹਾ।ਮੁਆਫ ਕਰਨਾ ਜੇਕਰ ਇਸ ਬਾਰੇ ਗੰਭੀਰ ਨਾ ਹੋਏ ਤਾਂ ਗੱਲ ਵੱਜੇਗੀ,ਨਾ ਘਟੇਗੀ ਅਤੇ ਨਾ ਰੁਕੇਗੀ।ਮੁੰਡਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਵਕਤ ਬਹੁਤ ਮਾਨਸਿਕ ਦਬਾਅ ਝੱਲਣਾ ਪੈ ਰਿਹਾ ਹੈ।ਲਿੰਗ ਅਧਾਰਿਤ ਸੋਚ ਤੋਂ ਉਪਰ ਉੱਠ ਕੇ ਫੈਸਲੇ ਕਰਨੇ ਸਮੇਂ ਦੀ ਜ਼ਰੂਰਤ ਹੈ।ਦਹੇਜ ਦਾ ਹਕੀਕਤ ਵਿੱਚ ਘੱਟ ਹੀ ਰੌਲਾ ਹੈ।ਔਰਤਾਂ ਦੇ ਹੱਕ ਵਿੱਚ ਬਣਾਏ ਦਹੇਜ ਵਿਰੋਧੀ ਕਾਨੂੰਨ ਦੀ ਧੜੱਲੇ ਨਾਲ ਦੁਰਵਰਤੋਂ ਹੋ ਰਹੀ ਹੈ।ਲੜਕਿਆਂ ਦੀ ਖ਼ੁਦਕਸ਼ੀ ਤੇ ਮਰਦ ਸਮਾਜ ਵੀ ਮੂੰਹ ਵਿੱਚ ਘੁੰਗਣੀਆਂ ਪਾਈ ਬੈਠਾ ਰਹਿੰਦਾ ਹੈ।ਇੰਜ ਲੱਗਦਾ ਹੈ ਮਰਦ ਹੀ ਮਰਦ ਦਾ ਦੁਸ਼ਮਣ ਹੈ।ਪੈਸੇ ਦੇ ਲੈਣ ਦੇਣ ਨੇ ਵੀ ਬਹੁਤ ਕੁੱਝ ਗਲਤ ਪਾਸੇ ਤੋਰ ਦਿੱਤਾ ਹੈ।ਇਹ ਅੱਗ ਕਦੋਂ ਕਿਹੜੀ ਦਲਹੀਜ਼ ਟੱਪ ਜਾਏ ਪਤਾ ਨਹੀਂ।ਪੁਲਿਸ,ਵਕੀਲਾਂ ਨੂੰ,ਮੋਹਤਵਰਾਂ ਨੂੰ,ਪੰਚਾਇਤਾਂ ਨੂੰ ਝੂਠੇ ਕੇਸਾਂ ਨੂੰ ਹੱਲਾਸ਼ੇਰੀ ਨਹੀਂ ਦੇਣੀ ਚਾਹੀਦੀ।ਜੇਕਰ ਅੱਜ ਜੱਜ ਆਪਣੀ ਜ਼ਿੰਦਗੀ ਖਤਮ ਕਰਨ ਲਈ ਮਜ਼ਬੂਰ ਹੋ ਗਿਆ ਹੈ ਤਾਂ ਬਾਕੀਆਂ ਦੀ ਵਾਰੀ ਵੀ ਆ ਸਕਦੀ ਹੈ।ਜੇਕਰ ਅਜਿਹਾ ਹੁੰਦਾ ਹੈ ਤਾਂ ਸਮਾਜ ਲਈ ਬੇਹੱਦ ਘਾਤਕ ਸਿੱਧ ਹੋਏਗਾ।ਹੱਥਾਂ ਨਾਲ ਪੀਡੀਆਂ ਕੀਤੀਆਂ ਗੰਢਾਂ ਦੰਦਾਂ ਨਾਲ ਖੋਲਣੀਆਂ ਪੈਦੀਆਂ ਹਨ।

# ਅਜੋਕੇ ਸਮੇਂ ਅੰਦਰ ਕੀ ਹੋਵੇਗਾ ਪੰਜਾਬੀ ਨੌਜਵਾਨਾਂ ਦਾ ਭਵਿੱਖ




ਅਜੋਕੇ ਸਮੇਂ ਅੰਦਰ ਪੰਜਾਬੀ ਨੌਜਵਾਨਾਂ ਦੇ ਭਵਿੱਖ ਨੂੰ ਵੇਖ ਕੇ ਕਿਸੇ ਵੀ ਚਿੰਤਾ ਕਰਨ ਵਾਲੇ ਇਨਸਾਨ ਦੇ ਲੂ ਕੰਡੇ ਖੜੇ ਹੋ ਜਾਂਦੇ ਹਨ ਨੌਜਵਾਨਾਂ ਦਾ ਭਵਿੱਖ ਇਸ ਮੌਜੂਦਾ ਸਮੇਂ ਬੇਹੱਦ ਸੰਕਟ ਵਿੱਚ ਚੱਲ ਰਿਹਾ ਹੈ । ਕਿਸੇ ਵੀ ਖੇਤਰ ਦੇ ਅੰਦਰ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਵਿਖਾਈ ਨਹੀਂ ਦਿੰਦਾ ਕੋਈ ਵੀ ਦੇਸ਼ ਹੋਵੇ ਚਾਰੇ ਪਾਸੇ ਇੱਕੋ ਜਿਹਾ ਮਾਹੌਲ ਚੱਲ ਰਿਹਾ ਹੈ । ਗੱਲ ਪੰਜਾਬ ਤੋਂ ਸ਼ੁਰੂ ਕਰੀਏ ਤਾਂ ਬਾਹਰਲੇ ਮੁਲਕਾਂ ਦੇ ਅੰਦਰ ਵੀ ਨੌਜਵਾਨਾ ਦਾ ਭਵਿੱਖ ਬੇਹੱਦ ਗਹਿਰਾਈ ਵੱਲ ਜਾ ਰਿਹਾ ਹੈ । ਕਿਸੇ ਸਮੇਂ ਪੰਜਾਬ ਤੋਂ ਲੈ ਕੇ ਬਾਹਰਲੇ ਸੂਬਿਆਂ ਤੋਂ ਇਲਾਵਾ ਬਾਹਰਲੇ ਮੁਲਕਾਂ ਤੱਕ ਵੀ ਨੌਜਵਾਨਾਂ ਦੀ ਤੂਤੀ ਬੋਲਦੀ ਸੀ ਨੌਜੁਆਨਾਂ ਦੇ ਭਲਵਾਨਾਂ ਵਰਗੇ ਸਰੀਰ ਦਰਸਣੀ ਰੂਹਾਂ ਦੇ ਵਜੋਂ ਜਾਣੇ ਜਾਂਦੇ ਸਨ ਪਰ ਪਤਾ ਨਹੀਂ ਕੀ ਨਜ਼ਰ ਲੱਗੀ ਕਿ ਨੌਜਵਾਨਾਂ ਦਾ ਭਵਿੱਖ ਉਜਲਾ ਹੋਣ ਦੀ ਬਜਾਏ ਉਝਲਦਾ ਹੀ ਚਲਿਆ ਗਿਆ, ਇਸ ਨੂੰ ਬਦਕਿਸਮਤੀ ਆਖ ਸਕਦੇ ਹਾਂ ।

ਗੱਲ ਕਰੀਏ ਉਹਨਾਂ ਨੌਜਵਾਨਾਂ ਦੀ ਜਿਹੜੇ ਬਾਹਰ ਜਾਣ ਦੀ ਆਸ ਦੇ ਵਿੱਚ ਆਪਣਾ ਕਾਫੀ ਵੱਡਾ ਨੁਕਸਾਨ ਕਰਵਾ ਬੈਠੇ ਹਨ । ਪਹਿਲਾਂ ਤਾਂ ਉਹਨਾਂ ਵੱਲੋਂ ਕਈ ਲੱਖਾਂ ਰੁਪਈਏ ਲਾ ਕੇ ਆਈਲੈਟਸ ਕੀਤਾ ਜਾਂਦਾ ਹੈ ਫਿਰ ਉਸ ਤੋਂ ਬਾਅਦ ਸ਼ੁਰੂ ਹੁੰਦੀ ਹੈ ਵੀਜਾ ਨਾ ਲੱਗਣ ਦੀ ਕਹਾਣੀ । ਉਹਦੇ ਵਿੱਚ ਵੀ ਸਾਡੇ ਨੌਜਵਾਨਾਂ ਨੇ ਵੱਡਾ ਨੁਕਸਾਨ ਕਰਵਾਇਆ ਹੈ। ਅਮਰੀਕਾ ਕਨੇਡਾ ਇੰਗਲੈਂਡ ਵਰਗੇ ਮੁਲਕਾਂ ਨੂੰ ਕਰੋੜਾਂ ਰੁਪਏ ਭੇਜ ਕੇ ਪੰਜਾਬ ਨੂੰ ਬਰਬਾਦੀ ਦੇ ਕੰਢੇ ਤੇ ਪਹੁੰਚਾ ਦਿੱਤਾ ਹੈ ਸਾਡੇ ਏਜੰਟਾਂ ਨੇ । ਉਹਨਾਂ ਵੱਲੋਂ ਨੌਜਵਾਨੀ ਨੂੰ ਸਬਜਬਾਗ ਹੀ ਅਜਿਹੇ ਵਿਖਾ ਦਿੱਤੇ ਗਏ ਕਿ ਜਿਵੇਂ ਉੱਥੇ ਡਾਲਰ ਦਰਖਤਾਂ ਨੂੰ ਲੱਗੇ ਹੋਣ ਪੰਜਾਬ ਦਾ ਨੌਜਵਾਨ ਮੌਜੂਦਾ ਸਮੇਂ ਮੌਜੂਦ ਸੀ ਦੇ ਦੌਰ ਵਿੱਚ ਚੱਲ ਰਿਹਾ ਹੈ । ਕਨੇਡਾ, ਇੰਗਲੈਂਡ ਵਰਗੇ ਮੁਲਕਾਂ ਨੂੰ ਕਰੋੜਾਂ ਰੁਪਏ ਖਰਚਣ ਤੋਂ ਬਾਅਦ ਨੌਜਵਾਨੀ ਦੇ ਪੱਲੇ ਪਿੜ ਪੱਲੇ ਕੁਝ ਵੀ ਪੈਂਦਾ ਵਿਖਾਈ ਨਹੀਂ ਦੇ ਰਿਹਾ ।

ਪਿਛਲੇ ਸਮੇਂ ਅੰਦਰ ਕਿਸੇ ਵੀ ਪਰਿਵਾਰ ਦਾ ਇੱਕ ਮੁਖੀ ਬਾਹਰਲੇ ਮੁਲਕ ਵਿੱਚ ਜਾ ਕੇ ਉਥੋਂ ਪੈਸੇ ਕਮਾ ਕੇ ਆਪਣੇ ਪਰਿਵਾਰ ਦਾ ਪੇਟ ਪਾਲ ਲੈਂਦਾ ਸੀ । ਉਹਨਾਂ ਸਮਿਆਂ ਵਿੱਚ ਉਸ ਪਰਿਵਾਰ ਦੇ ਮੁਖੀ ਵੱਲੋਂ ਸਾਇਦ 15 ਤੋਂ 20 ਸਾਲ ਬਾਹਰਲੇ ਮੁਲਕ ਵਿੱਚ ਲਗਾ ਕੇ ਆਪਣੇ ਬੱਚਿਆਂ ਦੇ ਭਵਿੱਖ ਅਤੇ ਪਰਿਵਾਰ ਨੂੰ ਉਜਲਾ ਬਣਾ ਲਿਆ ਜਾਂਦਾ ਸੀ ਪਰ ਸਮਾਂ ਬਦਲਦਿਆਂ ਦੇਰ ਨਾ ਲੱਗੀ ਕਹਾਣੀ ਬੇਹੱਦ ਦਰਦਨਾਕ ਢੰਗ ਨਾਲ ਬਦਲਦੀ ਚਲੀ ਗਈ ਕਿ ਸਾਡੀ ਨੌਜਵਾਨੀ ਹੋਰਾਂ ਮੁਲਕਾਂ ਦੇ ਰਾਹ ਦੀ ਆਦੀ ਹੋ ਗਈ । ਇਹ ਅਜਿਹਾ ਜਾਗ ਲੱਗਿਆ ਕਿ ਸਭ ਕੁਝ ਤਹਿਸ ਨਹਿਸ ਹੁੰਦਾ ਚਲਿਆ ਗਿਆ । ਅੱਜ ਹਾਲਾਤ ਇਥੋਂ ਤੱਕ ਬਣ ਚੁੱਕੇ ਹਨ ਕਿ ਨਸ਼ਾ ਪੈਸਾ ਅਤੇ ਸ਼ੋਹਰਤ ਨੂੰ ਮੁੱਖ ਰੱਖ ਕੇ ਨੌਜਵਾਨ ਉਜੜੇ ਰਾਹਾਂ ਦੇ ਪਾਂਧੀ ਬਣਦੇ ਜਾ ਰਹੇ ਹਨ ਇਹ ਬਿਲਕੁਲ ਗਲਤ ਵਰਤਾਰਾ ਹੈ । ਮਾਪਿਆਂ ਦੇ ਬਲੀ ਪੁੱਤ ਵਿਦੇਸ਼ਾਂ ਅੰਦਰ ਵੱਡਾ ਨੁਕਸਾਨ ਚੱਲ ਰਹੇ ਹਨ ।

ਬਹੁਤ ਸਾਰੇ ਨੌਜਵਾਨ ਨੇ ਅਜਿਹੀ ਵੀ ਹਨ ਜਿਨਾਂ ਨੂੰ ਕੈਨੇਡਾ ਅਮਰੀਕਾ ਤੇ ਇੰਗਲੈਂਡ ਵਰਗੇ ਮੁਲਖਾਂ ਅੰਦਰ ਰਹਿੰਦਿਆਂ ਕਈ ਕਈ ਸਾਲ ਬੀਤ ਗਏ ਪਰ ਉਹਨਾਂ ਦੇ ਵੀਜੇ ਹੁਣ ਅੱਗੇ ਨਹੀਂ ਵਧ ਰਹੇ । ਨਾ ਉਹ ਪੀਆਰ ਹੋ ਰਹੇ ਹਨ ਇਹ ਵਰਤਾਰਾ ਪੰਜਾਬ ਦੀ ਨੌਜਵਾਨੀ ਦੇ ਨਾਲ ਵੱਡੇ ਪੱਧਰ ਤੇ ਵਾਪਰ ਰਿਹਾ ਹੈ । ਕੈਨੇਡਾ ਦੀ ਧਰਤੀ ਉੱਤੇ ਬਹੁਤ ਸਾਰੇ ਨੌਜਵਾਨ ਅਜਿਹੇ ਹਨ ਜਿੰਨੇ ਦੇ ਵਰਕ ਬੀਜੇ ਖਤਮ ਹੋ ਚੁੱਕੇ ਹਨ ਤੇ ਉਹ ਧਰਨੇ ਤੇ ਬੈਠੇ ਹਨ ਹਜ਼ਾਰਾਂ ਦੀ ਗਿਣਤੀ ਵਿੱਚ ਨੌਜਵਾਨਾਂ ਵੱਲੋਂ ਹਰ ਰੋਜ਼ ਕਨੇਡਾ ਦੇ ਅੰਦਰ ਧਰਨਾ ਦਿੱਤਾ ਜਾ ਰਿਹਾ ਹੈ । ਇਹ ਵਰਤਾਰਾ ਪਿਛਲੇ ਸਮੇਂ ਤੋਂ ਚੱਲ ਰਿਹਾ ਹੈ

ਸ਼ਿੰਦਰ ਸਿੰਘ ਮੀਰਪੁਰੀ
5592850841

ਇਹੀ ਹਾਲ ਕਈ ਮੁਲਕਾਂ ਅੰਦਰ ਹੈ ਇਹ ਗੱਲ ਠੀਕ ਹੈ ਕਿ ਧਰਨਾ ਲਗਾਉਣਾ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੁੰਦਾ ਪਰ ਜੇਕਰ ਕਿਸੇ ਦੀ ਕੋਈ ਸੁਣਵਾਈ ਨਾ ਹੋਵੇ ਤਾਂ ਉਸਦੇ ਕੋਲ ਚਾਰਾ ਵੀ ਕੋਈ ਨਹੀਂ ਰਹਿ ਜਾਂਦਾ । ਪੰਜਾਬ ਦੇ ਨੌਜਵਾਨ ਆਪਣਾ ਲੱਖਾਂ ਰੁਪਿਆਂ ਖਰਚ ਕੇ ਵਿਦੇਸ਼ਾਂ ਅੰਦਰ ਗਏ ਸੀ । ਉਥੋਂ ਪੀਆਰ ਨਾ ਮਿਲਣ ਕਾਰਨ ਉਹਨਾਂ ਕੋਲੇ ਕੋਈ ਵੀ ਰਾਹ ਨਹੀਂ ਬਚਿਆ । ਬਹੁਤ ਸਾਰੇ ਬੱਚੇ ਨਸ਼ੇ ਦੇ ਆਦੀ ਹੋ ਚੁੱਕੇ ਹਨ ਬਹੁਤ ਸਾਰੇ ਲੜਾਈਆਂ ਝਗੜਿਆਂ ਦੇ ਵਿੱਚ ਉਲਝ ਕੇ ਜੇਲਾਂ ਵਿੱਚ ਜਾ ਚੁੱਕੇ ਹਨ ਅਤੇ ਬਹੁਤ ਸਾਰੇ ਖੁਦਕੁਸ਼ੀਆਂ ਵਰਗੇ ਗਲਤ ਕਦਮ ਚੁੱਕ ਰਹੇ ਹਨ ਇਹ ਵਰਤਾਰਾ ਬੇਹੱਦ ਖਤਰਨਾਕ ਹੈ । ਇਹ ਕਹਾਣੀ ਕੋਈ ਇੱਕ ਦਿਨ ਦੀ ਨਹੀਂ ਹੈ ਇਹ ਵਰਤਾਰਾ ਪਿਛਲੇ ਲੰਬੇ ਸਮੇਂ ਤੋਂ ਵਾਪਰ ਰਿਹਾ ਹੈ, ਨਾ ਸਾਡੇ ਆਗੂਆਂ ਨੇ ਧਿਆਨ ਦਿੱਤਾ ਤੇ ਨਾ ਸਾਡੇ ਮਾਪਿਆਂ ਨੇ ਧਿਆਨ ਦਿੱਤਾ ਕਹਾਣੀ ਉਲਝਦੀ ਹੀ ਚਲੀ ਗਈ ।ਕਿਸੇ ਨੂੰ ਕੀ ਆਖੀਏ ਅਸੀਂ ਸਾਰੇ ਆਪ ਦੋਸੀ ਹਾਂ ਅਸੀਂ ਆਪਣੇ ਧੀਆਂ ਪੁੱਤਰਾਂ ਦਾ ਘਾਣ ਕਰਵਾ ਰਹੇ ਹਾਂ ਸਿਰਫ ਤੇ ਸਿਰਫ ਪੈਸੇ ਪਿੱਛੇ ਹੁਣ ਬਾਹਰਲੇ ਮੁਲਖਾਂ ਅੰਦਰ ਪੈਸਾ ਵੀ ਨਹੀਂ ਰਿਹਾ । ਇਹ ਠੀਕ ਹੈ ਕਿ ਆਪਣੇ ਪਰਿਵਾਰਾਂ ਨੂੰ ਪਾਲਣ ਦੇ ਲਈ ਬਹੁਤ ਕੁਝ ਕਰਨਾ ਪੈਂਦਾ ਹੈ ਪਰ ਨੌਜਵਾਨੀ ਦਾ ਹੋ ਰਿਹਾ ਘਾਣ ਵੀ ਸਾਡੇ ਵਸ ਤੋਂ ਬਾਹਰ ਦੀ ਗੱਲ ਹੈ ।

ਸਾਡੇ ਪਿੜ ਪੱਲੇ ਵੀ ਕੁਝ ਨਹੀਂ ਰਿਹਾ ਕਹਾਣੀ ਬੇਹੱਦ ਗਲਤ ਹੋ ਚੁੱਕੀ ਹੈ । ਪੰਜਾਬੀਓ ਜੇਕਰ ਸੰਭਲਣਾ ਚਾਹੁੰਦੇ ਹੋ ਤਾਂ ਸੰਭਲ ਜਾਓ ਨਹੀਂ ਸਮਾ ਰੇਤ ਦੀ ਮੁੱਠੀ ਵਾਂਗੂੰ ਤੁਹਾਡੇ ਹੱਥ ਦੇ ਵਿੱਚੋਂ ਕਿਰਦਾ ਜਾ ਰਿਹਾ ਹੈ । ਨੌਜਵਾਨੀ ਗਲਤ ਸੰਗਤ ਵਿੱਚ ਪੈ ਕੇ ਬੇਹੱਦ ਗਲਤ ਰਾਹ ਤੇ ਪੈ ਚੁੱਕੀ ਹੈ । ਨਸ਼ੇ ਨੇ ਵੱਡੇ ਪੱਧਰ ਤੇ ਘਰ ਕਰ ਲਿਆ ਹੈ । ਗੁਰਦੁਆਰਿਆਂ ਵਿੱਚ ਲੜਾਈਆਂ ਹੋ ਰਹੀਆਂ ਹਨ ਪੰਜਾਬੀ ਜੇਲ੍ਹ ਦੇ ਵਿੱਚ ਜਾ ਰਹੇ ਹਨ ਅਤੇ ਬਹੁਤ ਸਾਰੇ ਨੌਜਵਾਨ ਖੁਦਕਸ਼ੀ ਕਰ ਰਹੇ ਹਨ । ਇਹ ਵਰਤਾਰਾ ਆਖਰ ਕਦੋਂ ਤੱਕ ਚੱਲੇਗਾ ਕਿਸੇ ਨੂੰ ਵੀ ਇਸ ਦਾ ਕੋਈ ਹੱਲ ਵਿਖਾਈ ਨਹੀਂ ਦਿੰਦਾ । ਸਰਕਾਰਾਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਬਾਹਰਲੀਆਂ ਸਰਕਾਰਾਂ ਦੇ ਨਾਲ ਸੰਪਰਕ ਸਾਧ ਕੇ ਨੌਜਵਾਨਾਂ ਦੇ ਖਰਾਬ ਹੋ ਰਹੇ ਭਵਿੱਖ ਸਬੰਧੀ ਚਿੰਤਾ ਕਰਕੇ ਕੋਈ ਸਖਤ ਕਦਮ ਚੁੱਕੇ ਜਾਣ । ਇਸ ਲਈ ਗੁਰਬਾਣੀ ਦੇ ਫਲਸਫੇ ਅਨੁਸਾਰ ਆਓ ਸਾਰੇ ਜ਼ਿੰਦਗੀ ਜਿਉਣ ਦੀ ਕੋਸ਼ਿਸ਼ ਕਰੀਏ ਤੇ ਗੁਰੂ ਸਾਹਿਬ ਦੇ ਦੱਸੇ ਹੋਏ ਰਸਤੇ ਤੇ ਚੱਲੀਏ ਇਹ ਹੀ ਅੱਜ ਸਮੇਂ ਦੀ ਲੋੜ ਹੈ ।

# ਹਰਿਆਲੀ ਦੇ ਨਾਂ ਤੇ ਲਹਿਰ ਚਲਾਉਣ ਲਈ ਬੋੜਾਵਾਲ ਕਾਲਜ ਵਧਾਈ ਦਾ ਹੱਕਦਾਰ

ਪ੍ਰਕਿਰਤੀ ਮਨੁੱਖ ਲਈ ਪਰਮਾਤਮਾ ਵੱਲੋਂ ਦਿੱਤਾ ਗਿਆ ਸਭ ਤੋਂ ਕੀਮਤੀ ਤੋਹਫ਼ਾ ਹੈ। ਪ੍ਰਕਿਰਤੀ ਦੀ ਸੁੰਦਰਤਾ ਨੂੰ ਵਧਾਉਣ ਵਿੱਚ ਹਰਿਆਲੀ ਅਤੇ ਦਰਖਤਾਂ ਦਾ ਸਭ ਤੋਂ ਵੱਡਾ ਯੋਗਦਾਨ ਹੁੰਦਾ ਹੈ। ਜਿੱਥੇ ਹਰੇ-ਭਰੇ ਰੁੱਖ, ਬੂਟੇ ਅਤੇ ਖੇਤ ਹੁੰਦੇ ਹਨ, ਉੱਥੇ ਵਾਤਾਵਰਣ ਸੁੱਚਾ, ਮਨ ਸ਼ਾਂਤ ਅਤੇ ਜੀਵਨ ਖੁਸ਼ਹਾਲ ਹੁੰਦਾ ਹੈ। ਦਰਖਤ ਮਨੁੱਖੀ ਜੀਵਨ ਦਾ ਆਧਾਰ ਹਨ। ਇਹ ਸਿਰਫ਼ ਸਾਨੂੰ ਆਕਸੀਜਨ ਹੀ ਨਹੀਂ ਦਿੰਦੇ, ਸਗੋਂ ਧਰਤੀ 'ਤੇ ਜੀਵਨ ਨੂੰ ਕਾਇਮ ਰੱਖਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਅੱਜ ਦੇ ਸਮੇਂ ਵਿੱਚ ਜਦੋਂ ਪ੍ਰਦੂਸ਼ਣ ਅਤੇ ਗਲੋਬਲ ਵਾਰਮਿੰਗ ਵਰਗੀਆਂ ਸਮੱਸਿਆਵਾਂ ਵੱਧ ਰਹੀਆਂ ਹਨ, ਉਸ ਵੇਲੇ ਹਰਿਆਲੀ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਦਰਖਤ ਮਨੁੱਖ ਦੇ ਸੱਚੇ ਅਤੇ ਨਿਸ਼ਕਾਮ ਮਿੱਤਰ ਹਨ। ਇਹ ਸਾਡੇ ਤੋਂ ਕੁਝ ਨਹੀਂ ਮੰਗਦੇ, ਪਰ ਸਾਨੂੰ ਬਹੁਤ ਕੁਝ ਦਿੰਦੇ ਹਨ। ਦਰਖਤ ਸਾਨੂੰ ਸਾਹ ਲਈ ਸ਼ੁੱਧ ਆਕਸੀਜਨ ਪ੍ਰਦਾਨ ਕਰਦੇ ਹਨ ਅਤੇ ਹਾਨੀਕਾਰਕ ਗੈਸਾਂ ਨੂੰ ਆਪਣੇ ਵਿੱਚ ਸੋਖ ਲੈਂਦੇ ਹਨ। ਜੇ ਧਰਤੀ 'ਤੇ ਦਰਖਤ ਨਾ ਹੋਣ ਤਾਂ ਮਨੁੱਖੀ ਜੀਵਨ ਸੰਭਵ ਨਹੀਂ ਰਹੇਗਾ। ਇਸ ਲਈ ਦਰਖਤਾਂ ਨੂੰ "ਧਰਤੀ ਦੇ ਫੇਫੜੇ"ਵੀ ਕਿਹਾ ਜਾਂਦਾ ਹੈ।

ਦਰਖਤ ਸਾਨੂੰ ਫਲ, ਫੁੱਲ, ਲੱਕੜ, ਔਸ਼ਧੀਆਂ ਅਤੇ ਕਈ ਪ੍ਰਕਾਰ ਦੀਆਂ ਜੜੀਆਂ-ਬੂਟੀਆਂ ਦਿੰਦੇ ਹਨ। ਬਹੁਤ ਸਾਰੀਆਂ ਦਵਾਈਆਂ ਦਰਖਤਾਂ ਅਤੇ ਪੌਦਿਆਂ ਤੋਂ ਹੀ ਬਣਦੀਆਂ ਹਨ। ਨੀਮ, ਤੁਲਸੀ, ਪੀਪਲ ਅਤੇ ਬਰਗਦ ਵਰਗੇ ਦਰਖਤ ਸਿਹਤ ਲਈ ਬਹੁਤ ਲਾਭਦਾਇਕ ਹਨ। ਪਿੰਡਾਂ ਵਿੱਚ ਲੋਕ ਅੱਜ ਵੀ ਘਰੇਲੂ ਇਲਾਜ ਲਈ ਇਨ੍ਹਾਂ ਦੀ ਵਰਤੋਂ ਕਰਦੇ ਹਨ।ਦਰਖਤ ਵਾਤਾਵਰਣ ਨੂੰ ਸੁੱਚਾ ਅਤੇ ਤਾਜ਼ਾ ਬਣਾਉਂਦੇ ਹਨ। ਇਹ ਹਵਾ ਵਿੱਚ ਮੌਜੂਦ ਧੂੜ ਅਤੇ ਪ੍ਰਦੂਸ਼ਿਤ ਤੱਤਾਂ ਨੂੰ ਘਟਾਉਂਦੇ ਹਨ। ਜਿੱਥੇ ਵੱਧ ਦਰਖਤ ਹੁੰਦੇ ਹਨ, ਉੱਥੇ ਮੌਸਮ ਠੰਡਾ ਅਤੇ ਸੁਹਾਵਣਾ ਰਹਿੰਦਾ ਹੈ। ਸ਼ਹਿਰਾਂ ਵਿੱਚ ਵਧ ਰਹੇ ਧੂੰਏ ਅਤੇ ਫੈਕਟਰੀਆਂ ਕਾਰਨ ਹਵਾ ਪ੍ਰਦੂਸ਼ਿਤ ਹੋ ਰਹੀ ਹੈ, ਜਿਸ ਨਾਲ

**ਸਹਾਇਕ ਪ੍ਰੋਫੈਸਰ ਗੀਤਾ (ਗੁਰਲੀਨ ਕੌਰ) ਦਿ ਰਾਇਲ ਗਰੁੱਪ ਆਫ਼ ਕਾਲਜਿਜ਼ ਬੋੜਾਵਾਲ**

ਕਈ ਬਿਮਾਰੀਆਂ ਪੈਦਾ ਹੋ ਰਹੀਆਂ ਹਨ। ਜੇ ਅਸੀਂ ਵੱਧ ਤੋਂ ਵੱਧ ਰੁੱਖ ਲਗਾਈਏ ਤਾਂ ਪ੍ਰਦੂਸ਼ਣ ਨੂੰ ਘਟਾਇਆ ਜਾ ਸਕਦਾ ਹੈ।ਦਰਖਤ ਬਾਰਸ਼ ਲਿਆਉਣ ਵਿੱਚ ਵੀ ਸਹਾਇਕ ਹੁੰਦੇ ਹਨ। ਜੰਗਲਾਂ ਅਤੇ ਹਰਿਆਲੀ ਵਾਲੇ ਇਲਾਕਿਆਂ ਵਿੱਚ ਮੀਂਹ ਵੱਧ ਪੈਂਦਾ ਹੈ। ਜੇ ਦਰਖਤਾਂ ਦੀ ਕਟਾਈ ਜਾਰੀ ਰਹੀ ਤਾਂ ਧਰਤੀ ਬੰਜਰ ਬਣ ਸਕਦੀ ਹੈ ਅਤੇ ਪਾਣੀ ਦੀ ਘਾਟ ਪੈ ਸਕਦੀ ਹੈ। ਇਸ ਲਈ ਹਰਿਆਲੀ ਜੀਵਨ ਲਈ ਬਹੁਤ ਜ਼ਰੂਰੀ ਹੈ।ਦਰਖਤ ਮਿੱਟੀ ਨੂੰ ਕਟਾਅ ਤੋਂ ਬਚਾਉਂਦੇ ਹਨ। ਜਦੋਂ ਭਾਰੀ ਮੀਂਹ ਜਾਂ ਹਵਾਵਾਂ ਚਲਦੀਆਂ ਹਨ ਤਾਂ ਦਰਖਤਾਂ ਦੀਆਂ ਜੜ੍ਹਾਂ ਮਿੱਟੀ ਨੂੰ ਮਜ਼ਬੂਤੀ ਨਾਲ ਫੜ ਕੇ ਰੱਖਦੀਆਂ ਹਨ। ਜਿੱਥੇ ਦਰਖਤ ਘੱਟ ਹੁੰਦੇ ਹਨ, ਉੱਥੇ ਬਾੜ੍ਹਾਂ ਅਤੇ ਮਿੱਟੀ ਦੇ ਕਟਾਅ ਦਾ ਖਤਰਾ ਵੱਧ ਜਾਂਦਾ ਹੈ। ਇਸ ਕਾਰਨ ਖੇਤੀਬਾੜੀ ਨੂੰ ਵੀ ਨੁਕਸਾਨ ਹੁੰਦਾ ਹੈ। ਇਸ ਲਈ ਕਿਸਾਨਾਂ ਲਈ ਵੀ ਦਰਖਤ ਬਹੁਤ ਮਹੱਤਵਪੂਰਨ ਹਨ।ਦਰਖਤ ਕਈ ਪੰਛੀਆਂ ਅਤੇ ਜਾਨਵਰਾਂ ਦਾ ਘਰ ਹੁੰਦੇ ਹਨ। ਪੰਛੀ ਦਰਖਤਾਂ 'ਤੇ ਆਪਣੇ ਘੋਂਸਲੇ ਬਣਾਉਂਦੇ ਹਨ ਅਤੇ ਜੰਗਲੀ ਜਾਨਵਰ ਜੰਗਲਾਂ ਵਿੱਚ ਰਹਿੰਦੇ ਹਨ। ਜੇ ਦਰਖਤਾਂ ਦੀ ਕਟਾਈ ਹੋਵੇਗੀ ਤਾਂ ਇਹ ਜੀਵ ਬੇਘਰ ਹੋ ਜਾਣਗੇ ਅਤੇ ਕੁਦਰਤੀ ਸੰਤੁਲਨ ਖਰਾਬ ਹੋ ਜਾਵੇਗਾ।

ਇਸ ਲਈ ਜੀਵ-ਜੰਤੂਆਂ ਦੀ ਰੱਖਿਆ ਲਈ ਵੀ ਹਰਿਆਲੀ ਬਹੁਤ ਜ਼ਰੂਰੀ ਹੈ।ਅੱਜ ਦੇ ਸਮੇਂ ਵਿੱਚ ਉਦਯੋਗੀਕਰਨ, ਸ਼ਹਿਰੀਕਰਨ ਅਤੇ ਵਧਦੀ ਆਬਾਦੀ ਕਾਰਨ ਦਰਖਤਾਂ ਦੀ ਅੰਨ੍ਹੇਵਾਹ ਕਟਾਈ ਹੋ ਰਹੀ ਹੈ। ਨਵੇਂ ਘਰ, ਫੈਕਟਰੀਆਂ ਅਤੇ ਸੜਕਾਂ ਬਣਾਉਣ ਲਈ ਜੰਗਲਾਂ ਨੂੰ ਨਸ਼ਟ ਕੀਤਾ ਜਾ ਰਿਹਾ ਹੈ। ਇਸ ਕਾਰਨ ਗਲੋਬਲ ਵਾਰਮਿੰਗ, ਮੌਸਮੀ ਤਬਦੀਲੀਆਂ, ਸੁੱਕਾ ਅਤੇ ਬਾੜ੍ਹਾਂ ਵਰਗੀਆਂ ਸਮੱਸਿਆਵਾਂ ਵੱਧ ਰਹੀਆਂ ਹਨ। ਧਰਤੀ ਦਾ ਤਾਪਮਾਨ ਲਗਾਤਾਰ ਵਧ ਰਿਹਾ ਹੈ ਜੋ ਮਨੁੱਖਤਾ ਲਈ ਵੱਡਾ ਖਤਰਾ ਹੈ।ਹਰ ਮਨੁੱਖ ਦਾ ਫਰਜ਼ ਹੈ ਕਿ ਉਹ ਦਰਖਤਾਂ ਦੀ ਰੱਖਿਆ ਕਰੇ ਅਤੇ ਨਵੇਂ ਰੁੱਖ ਲਗਾਏ। ਸਕੂਲਾਂ, ਕਾਲਜਾਂ ਅਤੇ ਸਮਾਜਿਕ ਸੰਸਥਾਵਾਂ ਨੂੰ ਰੁੱਖ ਲਗਾਉਣ ਦੀਆਂ ਮੁਹਿੰਮਾਂ ਚਲਾਉਣੀਆਂ ਚਾਹੀਦੀਆਂ ਹਨ। ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਪ੍ਰਕਿਰਤੀ ਨਾਲ ਪਿਆਰ ਕਰਨ ਦੀ ਸਿੱਖਿਆ ਦੇਣੀ ਚਾਹੀਦੀ ਹੈ। ਜੇ ਹਰ ਵਿਅਕਤੀ ਇੱਕ ਰੁੱਖ ਲਗਾ ਕੇ ਉਸ ਦੀ ਸੰਭਾਲ ਕਰੇ ਤਾਂ ਧਰਤੀ ਮੁੜ ਹਰੀ-ਭਰੀ ਬਣ ਸਕਦੀ ਹੈ।

ਸਾਨੂੰ ਪਲਾਸਟਿਕ ਦੀ ਵਰਤੋਂ ਘਟਾਉਣੀ ਚਾਹੀਦੀ ਹੈ ਅਤੇ ਵਾਤਾਵਰਣ ਨੂੰ ਸਾਫ਼ ਰੱਖਣ ਲਈ ਯਤਨ ਕਰਨੇ ਚਾਹੀਦੇ ਹਨ। ਸਰਕਾਰ ਵੱਲੋਂ ਵੀ ਜੰਗਲਾਂ ਦੀ ਰੱਖਿਆ ਲਈ ਕਈ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ, ਪਰ ਇਨ੍ਹਾਂ ਨੂੰ ਸਫਲ ਬਣਾਉਣ ਲਈ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ।ਇਹ ਕਿਹਾ ਜਾ ਸਕਦਾ ਹੈ ਕਿ ਹਰਿਆਲੀ ਧਰਤੀ ਦੀ ਸ਼ਾਨ ਹੈ ਅਤੇ ਦਰਖਤ ਜੀਵਨ ਦਾ ਆਧਾਰ ਹਨ। ਇਹ ਸਾਨੂੰ ਸੁੱਚੀ ਹਵਾ, ਖਾਣ-ਪੀਣ ਦੀਆਂ ਚੀਜ਼ਾਂ, ਦਵਾਈਆਂ ਅਤੇ ਰਹਿਣ ਲਈ ਸੁੰਦਰ ਵਾਤਾਵਰਣ ਪ੍ਰਦਾਨ ਕਰਦੇ ਹਨ। ਦਰਖਤਾਂ ਤੋਂ ਬਿਨਾਂ ਧਰਤੀ ਸੁੰਨੀ ਅਤੇ ਜੀਵਨ ਅਸੰਭਵ ਹੋ ਜਾਵੇਗਾ। ਇਸ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਅਤੇ ਲੋਕਾਂ ਨੂੰ ਵੀ ਇਸ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।

"ਰੁੱਖ ਲਗਾਓ, ਜੀਵਨ ਬਚਾਓ"ਦਾ ਸੰਦੇਸ਼ ਅਪਣਾ ਕੇ ਹੀ ਅਸੀਂ ਆਪਣੇ ਭਵਿੱਖ ਨੂੰ ਸੁਰੱਖਿਅਤ ਬਣਾ ਸਕਦੇ ਹਾਂ।

# ਗਰਮੀ ਦੀਆਂ ਛੁੱਟੀਆਂ ਦਾ ਕੰਮ ਬੋਝ ਨਾ ਬਲਕਿ ਸਿਰਜਣਾਤਮਕ ਹੋਵੇ

ਗਰਮੀ ਦੀਆਂ ਛੁੱਟੀਆਂ ਦਾ ਨਾਂ ਸੁਣਦਿਆਂ ਹੀ ਬੱਚਿਆਂ ਦੇ ਚਿਹਰਿਆਂ 'ਤੇ ਇੱਕ ਅਨੋਖੀ ਮੁਸਕਾਨ ਅਤੇ ਉਤਸ਼ਾਹ ਝਲਕਣ ਲੱਗਦਾ ਹੈ। ਇਹ ਸਮਾਂ ਸਾਲ ਭਰ ਦੀ ਪੜ੍ਹਾਈ, ਸਵੇਰੇ ਜਲਦੀ ਉੱਠਣ ਦੀ ਭੱਜ-ਦੌੜ, ਪ੍ਰੀਖਿਆਵਾਂ ਦੇ ਤਣਾਅ ਅਤੇ ਸਕੂਲ ਦੇ ਸਖ਼ਤ ਟਾਈਮ-ਟੇਬਲ ਤੋਂ ਮੁਕਤੀ ਪਾਉਣ ਦਾ ਹੁੰਦਾ ਹੈ। ਬੱਚੇ ਬਹੁਤ ਹੀ ਬੇਸਬਰੀ ਨਾਲ ਇਹਨਾਂ ਛੁੱਟੀਆਂ ਦੀ ਉਡੀਕ ਕਰਦੇ ਹਨ ਤਾਂ ਜੋ ਉਹ ਖੁੱਲ੍ਹ ਕੇ ਖੇਡ ਸਕਣ, ਆਪਣੇ ਨਾਨਕੇ-ਦਾਦਕੇ ਜਾ ਸਕਣ ਅਤੇ ਆਪਣੀ ਮਰਜ਼ੀ ਅਨੁਸਾਰ ਸਮਾਂ ਬਿਤਾ ਸਕਣ। ਦੂਜੇ ਪਾਸੇ, ਇਹ ਸਮਾਂ ਬੱਚਿਆਂ ਦੇ ਮਾਨਸਿਕ, ਸਰੀਰਕ ਅਤੇ ਭਾਵਨਾਤਮਕ ਵਿਕਾਸ ਲਈ ਇੱਕ ਸੁਨਹਿਰੀ ਮੌਕਾ ਹੁੰਦਾ ਹੈ।

ਪਰ ਅਕਸਰ ਦੇਖਿਆ ਜਾਂਦਾ ਹੈ ਕਿ ਜਿਉਂ ਹੀ ਛੁੱਟੀਆਂ ਸ਼ੁਰੂ ਹੁੰਦੀਆਂ ਹਨ, ਸਕੂਲਾਂ ਵੱਲੋਂ ਬੱਚਿਆਂ ਨੂੰ ਲਿਖਣ, ਰੱਟਾ ਮਾਰਨ ਅਤੇ ਸਿਲੇਬਸ ਨੂੰ ਦੁਹਰਾਉਣ ਵਾਲਾ ਇੰਨਾ ਜ਼ਿਆਦਾ ਹੋਮਵਰਕ ਦੇ ਦਿੱਤਾ ਜਾਂਦਾ ਹੈ ਕਿ ਬੱਚਿਆਂ ਦੀਆਂ ਖੁਸ਼ੀਆਂ ਚਿੰਤਾ ਵਿੱਚ ਬਦਲ ਜਾਂਦੀਆਂ ਹਨ। ਉਹ ਸਾਰਾ ਦਿਨ ਕਾਪੀਆਂ-ਕਿਤਾਬਾਂ ਲੈ ਕੇ ਬੈਠੇ ਰਹਿੰਦੇ ਹਨ ਅਤੇ ਛੁੱਟੀਆਂ ਦਾ ਅਸਲੀ ਮਨੋਰੰਜਨ ਗਾਇਬ ਹੋ ਜਾਂਦਾ ਹੈ। ਕਈ ਵਾਰ ਤਾਂ ਇਹ ਕੰਮ ਇੰਨਾ ਔਖਾ ਅਤੇ ਬੋਝਲ ਹੁੰਦਾ ਹੈ ਕਿ ਮਾਪਿਆਂ ਨੂੰ ਖੁਦ ਬੈਠ ਕੇ ਇਸ ਨੂੰ ਪੂਰਾ ਕਰਨਾ ਪੈਂਦਾ ਹੈ, ਜਿਸ ਨਾਲ ਬੱਚੇ ਦੇ ਸਿੱਖਣ ਦੀ ਪ੍ਰਕਿਰਿਆ ਉੱਥੇ ਹੀ ਰੁਕ ਜਾਂਦੀ ਹੈ।

ਅਜੋਕੇ ਡਿਜੀਟਲ ਯੁੱਗ ਵਿੱਚ ਇਹ ਸਮੱਸਿਆ ਹੋਰ ਵੀ ਗੰਭੀਰ ਹੋ ਗਈ ਹੈ ਕਿਉਂਕਿ ਜੇਕਰ ਬੱਚਿਆਂ ਕੋਲ ਕੋਈ ਰਚਨਾਤਮਕ ਕੰਮ ਨਹੀਂ ਹੁੰਦਾ, ਤਾਂ ਉਹ ਆਪਣਾ ਬਹੁਤਾ ਸਮਾਂ ਮੋਬਾਈਲ ਫੋਨ, ਵੀਡੀਓ ਗੇਮਾਂ ਜਾਂ ਟੀਵੀ ਸਕ੍ਰੀਨਾਂ ਸਾਹਮਣੇ ਬਿਤਾਉਣ ਲੱਗ ਪੈਂਦੇ ਹਨ, ਜੋ ਉਨ੍ਹਾਂ ਦੀ ਸਿਹਤ ਅਤੇ ਅੱਖਾਂ ਲਈ ਬਹੁਤ ਨੁਕਸਾਨਦੇਹ ਹੈ। ਇਸ ਲਈ, ਇਹ ਸਵਾਲ ਅੱਜ ਦੇ ਸਮੇਂ ਵਿੱਚ ਬਹੁਤ ਮਹੱਤਵਪੂਰਨ ਬਣ ਗਿਆ ਹੈ ਕਿ ਗਰਮੀ ਦੀਆਂ ਛੁੱਟੀਆਂ ਵਿੱਚ ਬੱਚਿਆਂ ਨੂੰ ਕਿਹੋ ਜਿਹਾ ਕੰਮ ਦਿੱਤਾ ਜਾਵੇ। ਛੁੱਟੀਆਂ ਦਾ ਕੰਮ ਅਜਿਹਾ ਹੋਣਾ ਚਾਹੀਦਾ ਹੈ ਜੋ ਕਿਤਾਬੀ ਗਿਆਨ ਦੇ ਰਟੇ-ਰਟਾਏ ਦਾਇਰੇ ਤੋਂ ਬਾਹਰ ਹੋਵੇ ਅਤੇ ਬੱਚੇ ਦੀ ਸੋਚਣ, ਸਮਝਣ ਅਤੇ ਕੁਝ ਨਵਾਂ ਸਿਰਜਣ ਦੀ ਸਮਰੱਥਾ ਨੂੰ ਉਭਾਰੇ। ਇਹ ਕੰਮ ਬੱਚਿਆਂ 'ਤੇ ਬੋਝ ਬਣਨ ਦੀ ਬਜਾਏ ਉਨ੍ਹਾਂ ਲਈ ਇੱਕ ਖੇਡ-ਖੇਡ ਵਿੱਚ ਸਿੱਖਣ ਦਾ ਸਾਧਨ ਬਣਨਾ ਚਾਹੀਦਾ ਹੈ, ਜਿਸ ਨਾਲ ਉਨ੍ਹਾਂ ਦੀਆਂ ਛੁੱਟੀਆਂ ਯਾਦਗਾਰੀ ਅਤੇ ਸਾਰਥਕ ਬਣ ਸਕਣ।




ਗਰਮੀ ਦੀਆਂ ਛੁੱਟੀਆਂ ਦੌਰਾਨ ਬੱਚਿਆਂ ਨੂੰ ਦਿੱਤਾ ਜਾਣ ਵਾਲਾ ਕੰਮ ਪੂਰੀ ਤਰ੍ਹਾਂ ਰਚਨਾਤਮਕ, ਵਿਹਾਰਕ ਅਤੇ ਮਨੋਰੰਜਕ ਹੋਣਾ ਚਾਹੀਦਾ ਹੈ। ਸਭ ਤੋਂ ਪਹਿਲਾਂ, ਸਾਨੂੰ ਬੱਚਿਆਂ ਨੂੰ ਕਲਾ ਅਤੇ ਸਿਰਜਣਾਤਮਕਤਾ ਨਾਲ ਜੋੜਨ ਵਾਲੇ ਕਾਰਜ ਦੇਣੇ ਚਾਹੀਦੇ ਹਨ। ਉਦਾਹਰਣ ਵਜੋਂ, ਬੱਚਿਆਂ ਨੂੰ ਘਰ ਵਿੱਚ ਪਈਆਂ ਬੇਕਾਰ ਅਤੇ ਵੇਸਟ ਚੀਜ਼ਾਂ ਤੋਂ ਨਵੀਆਂ ਅਤੇ ਸੁੰਦਰ ਵਸਤੂਆਂ ਬਣਾਉਣ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ। ਇਸ ਨਾਲ ਉਨ੍ਹਾਂ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਆਵੇਗੀ ਅਤੇ ਨਵਾਂ ਸੋਚਣ ਦੀ ਸ਼ਕਤੀ ਵਧੇਗੀ। ਇਸ ਤੋਂ ਇਲਾਵਾ, ਚਿੱਤਰਕਾਰੀ, ਮਿੱਟੀ ਦੇ ਖਿਡੌਣੇ ਬਣਾਉਣੇ ਜਾਂ ਸੰਗੀਤ ਅਤੇ ਡਾਂਸ ਦੀ ਸਿੱਖਿਆ ਵਰਗੀਆਂ ਗਤੀਵਿਧੀਆਂ ਬੱਚਿਆਂ ਦੇ ਅੰਦਰ ਛੁਪੀ ਹੋਈ ਪ੍ਰਤਿਭਾ ਨੂੰ ਬਾਹਰ ਲਿਆਉਣ ਵਿੱਚ ਮਦਦ ਕਰਦੀਆਂ ਹਨ।

ਕਿਤਾਬੀ ਪੜ੍ਹਾਈ ਤੋਂ ਹਟ ਕੇ ਬੱਚਿਆਂ ਨੂੰ ਅਜਿਹੇ ਕੰਮ ਦਿੱਤੇ ਜਾਣੇ ਚਾਹੀਦੇ ਹਨ ਜੋ ਉਨ੍ਹਾਂ ਨੂੰ ਜੀਵਨ ਜਾਂਚ ਅਤੇ ਵਿਹਾਰਕ ਸਿੱਖਿਆ ਦੇਣ। ਬੱਚਿਆਂ ਨੂੰ ਘਰ ਦੇ ਛੋਟੇ-ਮੋਟੇ ਕੰਮਾਂ ਵਿੱਚ ਮਾਪਿਆਂ ਦੀ ਮਦਦ ਕਰਨ ਲਈ ਕਿਹਾ ਜਾ ਸਕਦਾ ਹੈ, ਜਿਵੇਂ ਕਿ ਆਪਣੇ ਕੱਪੜੇ ਤਹਿ ਕਰਨਾ, ਆਪਣਾ ਕਮਰਾ ਸਾਫ਼ ਰੱਖਣਾ, ਜਾਂ ਰਸੋਈ ਵਿੱਚ ਬਿਨਾਂ ਅੱਗ ਤੋਂ ਤਿਆਰ ਹੋਣ ਵਾਲੀਆਂ ਚੀਜ਼ਾਂ ਜਿਵੇਂ ਸੈਂਡਵਿਚ ਜਾਂ ਸਲਾਦ ਬਣਾਉਣਾ ਸਿੱਖਣਾ। ਇਸ ਦੇ ਨਾਲ ਹੀ, ਵਾਤਾਵਰਣ ਨਾਲ ਸਾਂਝ ਪਾਉਣ ਲਈ ਹਰ ਬੱਚੇ ਨੂੰ ਘਰ ਵਿੱਚ ਇੱਕ ਪੌਦਾ ਲਗਾਉਣ ਅਤੇ ਰੋਜ਼ਾਨਾ ਉਸ ਨੂੰ ਪਾਣੀ ਦੇ ਕੇ ਉਸ ਦੀ ਦੇਖਭਾਲ ਕਰਨ ਦਾ ਕੰਮ ਦਿੱਤਾ ਜਾ ਸਕਦਾ ਹੈ। ਜਦੋਂ ਬੱਚਾ ਉਸ ਪੌਦੇ ਨੂੰ ਵਧਦਿਆਂ ਦੇਖੇਗਾ, ਤਾਂ ਉਸ ਵਿੱਚ ਜ਼ਿੰਮੇਵਾਰੀ ਅਤੇ ਕੁਦਰਤ ਪ੍ਰਤੀ ਪਿਆਰ ਦੀ ਭਾਵਨਾ ਖੁਦ-ਬ-ਖੁਦ ਪੈਦਾ ਹੋਵੇਗੀ। ਸਰੀਰਕ ਤੰਦਰੁਸਤੀ ਅਤੇ ਮਾਨਸਿਕ ਸਿਹਤ ਨੂੰ ਬਣਾਈ ਰੱਖਣ ਲਈ ਛੁੱਟੀਆਂ ਦੇ ਕੰਮ ਵਿੱਚ ਖੇਡਾਂ ਨੂੰ ਵਿਸ਼ੇਸ਼ ਸਥਾਨ ਮਿਲਣਾ ਚਾਹੀਦਾ ਹੈ। ਮੋਬਾਈਲ ਦੀ ਦੁਨੀਆ ਤੋਂ ਦੂਰ ਰੱਖਣ ਲਈ ਬੱਚਿਆਂ ਨੂੰ ਸ਼ਾਮ ਦੇ ਸਮੇਂ ਬਾਹਰ ਜਾ ਕੇ ਦੌੜਨ, ਤੈਰਾਕੀ ਕਰਨ, ਜਾਂ ਕ੍ਰਿਕਟ ਅਤੇ ਫੁੱਟਬਾਲ ਵਰਗੀਆਂ ਆਊਟਡੋਰ ਖੇਡਾਂ ਖੇਡਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਦੁਪਹਿਰ ਦੀ ਤੇਜ਼ ਧੁੱਪ ਦੌਰਾਨ ਪਰਿਵਾਰ ਦੇ ਮੈਂਬਰਾਂ ਨਾਲ ਬੈਠ ਕੇ ਲੁੱਡੋ, ਚੈੱਸ ਜਾਂ ਕੈਰਮ ਬੋਰਡ ਵਰਗੀਆਂ ਇਨਡੋਰ ਖੇਡਾਂ ਖੇਡਣ ਦਾ ਕੰਮ ਦਿੱਤਾ ਜਾ ਸਕਦਾ ਹੈ, ਜਿਸ

**ਮਨਜੀਤ ਮਾਨ**
**ਮੋਬਾਈਲ 7009898044**

ਨਾਲ ਬੱਚਿਆਂ ਦਾ ਮਨੋਰੰਜਨ ਵੀ ਹੋਵੇਗਾ ਅਤੇ ਪਰਿਵਾਰਕ ਸਾਂਝ ਵੀ ਮਜ਼ਬੂਤ ਹੋਵੇਗੀ।

ਭਾਸ਼ਾ ਦੇ ਵਿਕਾਸ ਅਤੇ ਗਿਆਨ ਦੇ ਦਾਇਰੇ ਨੂੰ ਵਧਾਉਣ ਲਈ ਬੱਚਿਆਂ ਵਿੱਚ ਕਿਤਾਬਾਂ ਪੜ੍ਹਨ ਦੀ ਆਦਤ ਪਾਉਣੀ ਬਹੁਤ ਜ਼ਰੂਰੀ ਹੈ। ਉਨ੍ਹਾਂ ਨੂੰ ਸਕੂਲ ਦੇ ਸਿਲੇਬਸ ਤੋਂ ਬਾਹਰ ਦੀਆਂ ਕਹਾਣੀਆਂ, ਮਹਾਂਪੁਰਖਾਂ ਦੀਆਂ ਜੀਵਨੀਆਂ ਅਤੇ ਨੈਤਿਕ ਸਿੱਖਿਆ ਦੇਣ ਵਾਲੀਆਂ ਪੁਸਤਕਾਂ ਪੜ੍ਹਨ ਦਾ ਕੰਮ ਦਿੱਤਾ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ, ਉਨ੍ਹਾਂ ਨੂੰ ਰੋਜ਼ਾਨਾ ਆਪਣੀ ਇੱਕ ਡਾਇਰੀ ਲਿਖਣ ਲਈ ਕਿਹਾ ਜਾ ਸਕਦਾ ਹੈ, ਜਿਸ ਵਿੱਚ ਉਹ ਆਪਣੀਆਂ ਛੁੱਟੀਆਂ ਦੇ ਤਜ਼ਰਬਿਆਂ ਅਤੇ ਰੋਜ਼ਾਨਾ ਦੀਆਂ ਗਤੀਵਿਧੀਆਂ ਨੂੰ ਲਿਖਣ। ਇਸ ਪ੍ਰਕਿਰਿਆ ਨਾਲ ਬੱਚਿਆਂ ਦੀ ਲਿਖਣ ਸ਼ੈਲੀ ਅਤੇ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਦੀ ਸਮਰੱਥਾ ਵਿੱਚ ਬਹੁਤ ਸੁਧਾਰ ਹੁੰਦਾ ਹੈ।

ਸਾਡੇ ਸਮਾਜਿਕ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਸਿੱਖਣ ਲਈ ਬੱਚਿਆਂ ਨੂੰ ਆਪਣੇ ਬਜ਼ੁਰਗਾਂ, ਜਿਵੇਂ ਦਾਦਾ-ਦਾਦੀ ਜਾਂ ਨਾਨਾ-ਨਾਨੀ ਨਾਲ ਸਮਾਂ ਬਿਤਾਉਣ ਦਾ ਕਾਰਜ ਦੇਣਾ ਚਾਹੀਦਾ ਹੈ। ਬਜ਼ੁਰਗਾਂ ਕੋਲੋਂ ਪੁਰਾਣੇ ਸਮੇਂ ਦੀਆਂ ਗੱਲਾਂ ਸੁਣਨਾ, ਸਾਡੇ ਵਿਰਸੇ ਬਾਰੇ ਜਾਣਨਾ ਅਤੇ ਰਿਸ਼ਤੇਦਾਰੀਆਂ ਦੀ ਅਹਿਮੀਅਤ ਨੂੰ ਸਮਝਣਾ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਜ਼ਰੂਰੀ ਹੈ। ਜੇਕਰ ਸੰਭਵ ਹੋਵੇ, ਤਾਂ ਪਰਿਵਾਰ ਨਾਲ ਕਿਸੇ ਇਤਿਹਾਸਕ ਜਾਂ ਕੁਦਰਤੀ ਸਥਾਨ ਦੀ ਯਾਤਰਾ ਕਰਨ ਅਤੇ ਉਸ ਯਾਤਰਾ ਬਾਰੇ ਇੱਕ ਛੋਟਾ ਜਿਹਾ ਲੇਖ ਜਾਂ ਰਿਪੋਰਟ ਤਿਆਰ ਕਰਨ ਦਾ ਕੰਮ ਦਿੱਤਾ ਜਾ ਸਕਦਾ ਹੈ। ਅਜਿਹਾ ਕਰਨ ਨਾਲ ਬੱਚੇ ਸਫ਼ਰ ਦੌਰਾਨ ਬਹੁਤ ਸਾਰੀਆਂ ਨਵੀਆਂ ਚੀਜ਼ਾਂ ਅਮਲੀ ਰੂਪ ਵਿੱਚ ਸਿੱਖਦੇ ਹਨ।

ਅਧਿਆਪਕਾਂ ਅਤੇ ਮਾਪਿਆਂ ਨੂੰ ਇਹ ਸਮਝਣਾ ਹੋਵੇਗਾ ਕਿ ਛੁੱਟੀਆਂ ਦੇ ਕੰਮ ਦਾ ਮਤਲਬ ਬੱਚੇ ਨੂੰ ਕਿਸੇ ਬੋਝ ਹੇਠ ਦਬਾਉਣਾ ਨਹੀਂ, ਬਲਕਿ ਉਸ ਦੇ ਸੁਤੰਤਰ ਵਿਕਾਸ ਲਈ ਇੱਕ ਰਸਤਾ ਤਿਆਰ ਕਰਨਾ ਹੈ। ਜਦੋਂ ਅਸੀਂ ਬੱਚਿਆਂ ਨੂੰ ਅਜਿਹਾ ਖੋਜ ਭਰਪੂਰ ਅਤੇ ਮਨੋਰੰਜਕ ਕੰਮ ਦੇਵਾਂਗੇ, ਜਿਸ ਵਿੱਚ ਉਹ ਖੁਦ ਸਰਗਰਮ ਹੋ ਕੇ ਹਿੱਸਾ ਲੈਣ, ਤਾਂ ਉਹ ਬਿਨਾਂ ਕਿਸੇ ਮਾਨਸਿਕ ਤਣਾਅ ਦੇ ਬਹੁਤ ਕੁਝ ਨਵਾਂ ਸਿੱਖ ਸਕਣਗੇ।

## ਸਿੱਟਾ

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗਰਮੀ ਦੀਆਂ ਛੁੱਟੀਆਂ ਦਾ ਕੰਮ ਕੇਵਲ ਕਾਪੀਆਂ ਦੇ ਪੰਨੇ ਕਾਲੇ ਕਰਨ ਤੱਕ ਸੀਮਤ ਨਹੀਂ ਹੋਣਾ ਚਾਹੀਦਾ, ਬਲਕਿ ਇਹ ਸਿੱਖਿਆ ਅਤੇ ਮਨੋਰੰਜਨ ਦਾ ਇੱਕ ਸੁਖਾਵਾਂ ਸੁਮੇਲ ਹੋਣਾ ਚਾਹੀਦਾ ਹੈ। ਜਦੋਂ ਬੱਚੇ ਖੇਡਦੇ-ਕੁੱਦਦੇ, ਨਵੀਆਂ ਕਲਾਵਾਂ ਸਿੱਖਦੇ, ਪਰਿਵਾਰ ਨਾਲ ਰਿਸ਼ਤੇ ਮਜ਼ਬੂਤ ਕਰਦੇ ਅਤੇ ਕੁਦਰਤ ਦੇ ਨੇੜੇ ਜਾਂਦੇ ਹਨ, ਤਾਂ ਹੀ ਛੁੱਟੀਆਂ ਦਾ ਅਸਲੀ ਮਕਸਦ ਪੂਰਾ ਹੁੰਦਾ ਹੈ। ਅਜਿਹਾ ਰਚਨਾਤਮਕ ਕੰਮ ਬੱਚਿਆਂ ਦੇ ਆਤਮ-ਵਿਸ਼ਵਾਸ ਨੂੰ ਵਧਾਉਂਦਾ ਹੈ ਅਤੇ ਜਦੋਂ ਛੁੱਟੀਆਂ ਖ਼ਤਮ ਹੋਣ ਤੋਂ ਬਾਅਦ ਉਹ ਦੁਬਾਰਾ ਸਕੂਲ ਪਰਤਦੇ ਹਨ, ਤਾਂ ਉਹ ਮਾਨਸਿਕ ਤੌਰ 'ਤੇ ਪੂਰੀ ਤਰ੍ਹਾਂ ਤਰੋ-ਤਾਜ਼ਾ ਅਤੇ ਦੁੱਗਣੇ ਉਤਸ਼ਾਹ ਨਾਲ ਭਰੇ ਹੁੰਦੇ ਹਨ।ਇਸ ਮਕਸਦ ਨੂੰ ਪ੍ਰਾਪਤ ਕਰਨ ਲਈ ਸਕੂਲ ਪ੍ਰਬੰਧਕਾਂ, ਅਧਿਆਪਕਾਂ ਅਤੇ ਮਾਪਿਆਂ ਨੂੰ ਮਿਲ ਕੇ ਇੱਕ ਸਕਾਰਾਤਮਕ ਮਾਹੌਲ ਸਿਰਜਣਾ ਪਵੇਗਾ। ਅਧਿਆਪਕਾਂ ਨੂੰ ਕੰਮ ਦੀ ਮਾਤਰਾ ਦੀ ਬਜਾਏ ਉਸ ਦੀ ਗੁਣਵੱਤਾ 'ਤੇ ਧਿਆਨ ਦੇਣਾ ਚਾਹੀਦਾ ਹੈ, ਅਤੇ ਮਾਪਿਆਂ ਨੂੰ ਬੱਚਿਆਂ ਦੇ ਇਸ ਸਿੱਖਣ ਸਫ਼ਰ ਵਿੱਚ ਕੇਵਲ ਇੱਕ ਮਾਰਗਦਰਸ਼ਕ ਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ, ਨਾ ਕਿ ਉਨ੍ਹਾਂ ਦਾ ਕੰਮ ਖੁਦ ਕਰਨਾ ਚਾਹੀਦਾ ਹੈ। ਜਦੋਂ ਛੁੱਟੀਆਂ ਦਾ ਕੰਮ ਬੱਚੇ 'ਤੇ ਮਾਨਸਿਕ ਬੋਝ ਜਾਂ ਤਣਾਅ ਨਹੀਂ ਬਣੇਗਾ, ਤਾਂ ਹੀ ਛੁੱਟੀਆਂ ਦਾ ਅਸਲੀ ਮਕਸਦ ਪੂਰਾ ਹੋਵੇਗਾ।

# ਬਾਜ਼ਾਰਵਾਦ ਦੀ ਭੇਟ ਚੜ੍ਹਦਾ ਔਰਤ ਦਾ ਸਨਮਾਨ




ਜਗਰੂਪ ਕੌਰ
7009529882

?ਜੇਕਰ ਦਿੱਲੀ-ਚੰਡੀਗੜ੍ਹ ਵਰਗੇ ਵੱਡੇ ਸ਼ਹਿਰਾਂ ਦੀ ਲਿਸ਼ਕ-ਪੁਸ਼ਕ, ਕਾਰਪੋਰੇਟ ਦਫ਼ਤਰਾਂ ਦੇ ਸ਼ੀਸ਼ੇਦਾਰ ਕੈਬਿਨਾਂ ਅਤੇ ਨਵੇਂ ਬਾਜ਼ਾਰਾਂ ਵਿੱਚ ਘੁੰਮਦੀਆਂ ਕੁਝ ਪੜ੍ਹੀਆਂ-ਲਿਖੀਆਂ ਬੀਬੀਆਂ ਨੂੰ ਦੇਖ ਕੇ ਪੂਰੇ ਸਮਾਜ ਦੇ ਸੁਧਾਰ ਦੀ ਤਸਵੀਰ ਬਣਾਈ ਜਾ ਰਹੀ ਹੈ, ਤਾਂ ਇਹ ਹਕੀਕਤ ਤੋਂ ਅੱਖਾਂ ਮੀਟਣ ਦੇ ਬਰਾਬਰ ਹੈ। ਅੱਜ ਦੇ ਦੌਰ ਵਿੱਚ ਜਦੋਂ ਅਸੀਂ ਪਿੰਡਾਂ ਦੀਆਂ ਸੱਥਾਂ ਤੋਂ ਲੈ ਕੇ ਸ਼ਹਿਰਾਂ ਦੇ ਵੱਡੇ ਦਫ਼ਤਰਾਂ ਤੱਕ ਔਰਤਾਂ ਨੂੰ ਹਰ ਖੇਤਰ ਵਿੱਚ ਅੱਗੇ ਵਧਦਿਆਂ ਦੇਖਦੇ ਹਾਂ, ਤਾਂ ਮਨ ਵਿੱਚ ਇੱਕ ਚੰਗਾ ਅਹਿਸਾਸ ਅਤੇ ਉਮੀਦ ਜ਼ਰੂਰ ਜਾਗਦੀ ਹੈ। ਪਰ ਇਸ ਲਿਸ਼ਕਦੀ ਤਸਵੀਰ ਦੇ ਪਿੱਛੇ ਇੱਕ ਡੂੰਘਾ ਅਤੇ ਦਰਦਨਾਕ ਸਵਾਲ ਅੱਜ ਵੀ ਖੜ੍ਹਾ ਹੈ ਕਿ ਕੀ ਸਾਡੇ ਸਮਾਜ ਦੀ ਆਖਰੀ ਲਾਈਨ ਵਿੱਚ ਖੜ੍ਹੀ ਔਰਤ ਸੱਚਮੁੱਚ ਆਜ਼ਾਦ ਹੈ? ਅਕਸਰ ਸਾਡੇ ਆਲੇ-ਦੁਆਲੇ ਆਜ਼ਾਦੀ ਦਾ ਮਤਲਬ ਬਹੁਤ ਛੋਟਾ ਲਿਆ ਜਾਂਦਾ ਹੈ। ਕਈ ਵਾਰ ਸਿਰਫ਼ ਆਪਣੀ ਮਰਜ਼ੀ ਦੇ ਕੱਪੜੇ ਪਾ ਲੈਣਾ, ਬਾਜ਼ਾਰਾਂ ਵਿੱਚ ਘੁੰਮ ਲੈਣਾ, ਜਾਂ ਸੋਸ਼ਲ ਮੀਡੀਆ 'ਤੇ ਫੋਟੋਆਂ ਪਾ ਦੇਣ ਨੂੰ ਹੀ ਮੁਕਤੀ ਮੰਨ ਲਿਆ ਜਾਂਦਾ ਹੈ। ਪਰ ਅਸਲ ਵਿੱਚ ਇਹ ਸਿਰਫ਼ ਦਿਖਾਵੇ ਦਾ ਭਰਮ ਹੈ। ਅਸਲ ਅਤੇ ਸੱਚੀ ਆਜ਼ਾਦੀ ਸਰੀਰਕ ਰੋਕਾਂ ਦੇ ਖ਼ਤਮ ਹੋਣ ਨਾਲੋਂ ਕਿਤੇ ਵੱਧ 'ਮਾਨਸਿਕ ਆਜ਼ਾਦੀ' ਅਤੇ 'ਆਪਣੇ ਹੱਕਾਂ ਦੀ ਡੂੰਘੀ ਸਮਝ' ਵਿੱਚ ਹੈ।

?ਸਮਾਜਿਕ ਸੋਚ ਦਾ ਅਸਲ ਪੈਮਾਨਾ ਸ਼ਹਿਰੀ ਸਹੂਲਤਾਂ ਨਹੀਂ, ਸਗੋਂ ਸਾਡੇ ਪਿੰਡਾਂ ਅਤੇ ਕਸਬਿਆਂ ਦੀ ਜ਼ਮੀਨੀ ਸਥਿਤੀ ਹੁੰਦੀ ਹੈ। ਕਿਸੇ ਵੀ ਪਿੰਡ ਦੇ ਚੌਂਕ ਜਾਂ ਸੱਥ ਵਿੱਚ ਮਰਦਾਂ ਦੀ ਬਿਨਾਂ ਕਿਸੇ ਖ਼ਾਸ ਕੰਮ-ਕਾਰ ਦੇ ਬੈਠਣ ਨੂੰ ਸਮਾਜ ਬਹੁਤ ਸਹਿਜਤਾ ਨਾਲ ਲੈਂਦਾ ਹੈ, ਪਰ ਉੱਥੇ ਹੀ ਸ਼ਾਮ ਢਲਦਿਆਂ ਹੀ ਔਰਤਾਂ ਸੁਰੱਖਿਆ ਦੇ ਡਰ ਅਤੇ ਪਰਿਵਾਰਕ ਸਹਿਮ ਕਾਰਨ ਘਰਾਂ ਵੱਲ ਭੱਜਣ ਲਈ ਮਜਬੂਰ ਹੋ ਜਾਂਦੀਆਂ ਹਨ। ਇਹ ਤੁਲਨਾ ਕਿਸੇ ਮਰਦ ਦੀ ਆਜ਼ਾਦੀ 'ਤੇ ਉਂਗਲ ਉਠਾਉਣਾ ਨਹੀਂ ਹੈ, ਸਗੋਂ ਉਸ ਸਮਾਜਿਕ ਮਾਨਸਿਕਤਾ ਨੂੰ ਦਿਖਾਉਣਾ ਹੈ ਜੋ ਅੱਜ ਵੀ ਇੱਕ ਹਿੱਸੇ ਲਈ ਬਾਹਰਲੇ ਸੰਸਾਰ ਨੂੰ ਸੁਰੱਖਿਅਤ ਅਤੇ ਦੂਜੇ ਲਈ ਚੁਣੌਤੀਪੂਰਨ ਬਣਾਈ ਬੈਠੀ ਹੈ। ਇਸ ਮਾਨਸਿਕ ਆਜ਼ਾਦੀ ਦੇ ਰਾਹ ਵਿੱਚ ਸਭ ਤੋਂ ਵੱਡੀ ਰੁਕਾਵਟ ਸਾਡਾ ਉਹ ਪਰਿਵਾਰਕ ਤਾਣਾ-ਬਾਣਾ ਹੈ, ਜਿੱਥੇ ਧੀਆਂ ਨੂੰ ਬਚਪਨ ਤੋਂ ਹੀ ਦੂਜਿਆਂ ਦੀ ਮਰਜ਼ੀ ਮੁਤਾਬਕ ਜਿਊਣਾ ਅਤੇ ਚੁੱਪ ਰਹਿਣਾ ਸਿਖਾਇਆ ਜਾਂਦਾ ਹੈ। ਜਦੋਂ ਤੱਕ ਪਰਿਵਾਰਾਂ ਵਿੱਚ ਪੁੱਤਾਂ-ਧੀਆਂ ਦੀ ਪਰਵਰਿਸ਼ ਬਰਾਬਰ ਦੇ ਪੱਧਰ 'ਤੇ ਨਹੀਂ ਹੁੰਦੀ, ਉਦੋਂ ਤੱਕ ਔਰਤ ਅੰਦਰ ਅਸਲ ਸਵੈ-ਮਾਣ ਪੈਦਾ ਹੋਣਾ ਮੁਸ਼ਕਿਲ ਹੈ।

?ਜਦੋਂ ਅਸੀਂ ਮਹਿਲਾ ਸਸ਼ਕਤੀਕਰਨ ਦੇ ਦਾਅਵਿਆਂ ਨੂੰ ਆਰਥਿਕ ਸੱਚਾਈ ਦੀ ਕਸੌਟੀ 'ਤੇ ਪਰਖਦੇ ਹਾਂ, ਤਾਂ ਸਰਕਾਰੀ ਅੰਕੜੇ ਇੱਕ ਵੱਖਰਾ ਹੀ ਸ਼ੀਸ਼ਾ ਦਿਖਾਉਂਦੇ ਹਨ। 'ਨੈਸ਼ਨਲ ਫੈਮਿਲੀ ਹੈਲਥ ਸਰਵੇ' (NFHS) ਅਤੇ 'ਪੀਰੀਆਡਿਕ ਲੇਬਰ ਫੋਰਸ ਸਰਵੇ' (PLFS) ਦੀਆਂ ਰਿਪੋਰਟਾਂ ਮੁਤਾਬਕ, ਦੇਸ਼ ਵਿੱਚ ਉੱਚ ਸਿੱਖਿਆ ਦੇ ਖੇਤਰ ਵਿੱਚ ਕੁੜੀਆਂ ਦੀ ਹਿੱਸੇਦਾਰੀ ਲਗਭਗ 48 ਫ਼ੀਸਦੀ ਤੱਕ ਪਹੁੰਚ ਚੁੱਕੀ ਹੈ, ਪਰ ਜਦੋਂ ਗੱਲ ਅਸਲ ਰੁਜ਼ਗਾਰ ਦੀ ਆਉਂਦੀ ਹੈ, ਤਾਂ ਔਰਤਾਂ ਦੀ ਭਾਗੀਦਾਰੀ ਮਹਿਜ਼ 37 ਤੋਂ 40 ਫ਼ੀਸਦੀ ਦੇ ਆਸ-ਪਾਸ ਹੀ ਸਿਮਟ ਜਾਂਦੀ ਹੈ। ਇੱਥੇ ਇੱਕ ਹੈਰਾਨੀਜਨਕ ਤੱਥ ਇਹ ਵੀ ਹੈ ਕਿ ਕੰਮਕਾਜੀ ਔਰਤਾਂ ਦੀ ਗਿਣਤੀ ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਵਿੱਚ ਕਿਤੇ ਜ਼ਿਆਦਾ ਹੈ। ਪਿੰਡਾਂ ਵਿੱਚ ਲਗਭਗ 40% ਔਰਤਾਂ ਖੇਤੀਬਾੜੀ, ਪਸ਼ੂ ਪਾਲਣ ਜਾਂ ਹੱਥੀਂ ਕੀਤੇ ਜਾਣ ਵਾਲੇ ਕੰਮਾਂ ਵਿੱਚ ਦਿਨ-ਰਾਤ ਮਰਦਾਂ ਦੇ ਬਰਾਬਰ ਹੱਡ ਗਾਲ ?ਦੀਆਂ ਹਨ, ਜਦੋਂ ਕਿ ਸ਼ਹਿਰਾਂ ਵਿੱਚ ਉੱਚੀ ਸਿੱਖਿਆ ਦੇ ਬਾਵਜੂਦ ਸਿਰਫ਼ 25% ਤੋਂ 26% ਔਰਤਾਂ ਹੀ ਨੌਕਰੀ ਜਾਂ ਕਾਰੋਬਾਰ ਕਰਦੀਆਂ ਹਨ। ਪਰ ਦੁਖਾਂਤ ਇਹ ਹੈ ਕਿ ਪਿੰਡਾਂ ਦੀਆਂ ਔਰਤਾਂ ਦੇ ਇਸ ਵੱਡੇ ਯੋਗਦਾਨ ਨੂੰ ਆਰਥਿਕ ਭਾਸ਼ਾ ਵਿੱਚ ÷ਬਿਨਾਂ ਤਨਖ਼ਾਹ ਵਾਲਾ ਪਰਿਵਾਰਕ ਕੰਮ÷ ਕਹਿ ਕੇ ਅਣਗੌਲਿਆ ਕਰ ਦਿੱਤਾ ਜਾਂਦਾ ਹੈ। ਉਹ ਖੇਤਾਂ ਵਿੱਚ ਗੋਡੀ ਕਰਦੀਆਂ ਹਨ, ਪਸ਼ੂ ਸਾਂਭਦੀਆਂ ਹਨ, ਪਰ ਸ਼ਾਮ ਨੂੰ ਕਮਾਈ ਦਾ ਪੈਸਾ ਇਕੱਲਿਆਂ ਉਹਨਾਂ ਦੇ ਹੱਥ ਵਿੱਚ ਨਹੀਂ ਆਉਂਦਾ, ਜਿਸ ਕਾਰਨ ਉਹ ਆਰਥਿਕ ਫੈਸਲਿਆਂ ਲਈ ਪਰਿਵਾਰ 'ਤੇ ਨਿਰਭਰ ਰਹਿ ਜਾਂਦੀਆਂ ਹਨ।

?ਔਰਤਾਂ ਦੇ ਘਰੇਲੂ ਕੰਮਾਂ ਜਿਵੇਂ ਬੱਚੇ ਸੰਭਾਲਣਾ, ਖਾਣਾ ਬਣਾਉਣਾ ਅਤੇ ਸਫ਼ਾਈ ਨੂੰ ਅਕਸਰ 'ਪਿਆਰ ਅਤੇ ਫ਼ਰਜ਼' ਦਾ ਨਾਂ ਦੇ ਕੇ ਉਸ ਦਾ ਆਰਥਿਕ ਮੁੱਲ ਖ਼ਤਮ ਕਰ ਦਿੱਤਾ ਜਾਂਦਾ ਹੈ। ਅਰਥ-ਸ਼ਾਸਤਰ ਵਿੱਚ ਇਸ ਨੂੰ 'ਅਨਪੇਡ ਕੇਅਰ ਵਰਕ' (ਬਿਨਾਂ ਤਨਖ਼ਾਹ ਵਾਲਾ ਦੇਖਭਾਲ ਦਾ ਕੰਮ) ਕਿਹਾ ਜਾਂਦਾ ਹੈ। ਇਸ ਸੰਦਰਭ ਵਿੱਚ ਦਿੱਲੀ ਦੀਆਂ ਬਰੂਹਾਂ 'ਤੇ ਲੱਗਿਆ ਇਤਿਹਾਸਕ ਕਿਸਾਨੀ ਅੰਦੋਲਨ ਸਾਡੀ ਅੱਖ ਖੋਲ੍ਹਣ ਲਈ ਸਭ ਤੋਂ ਵੱਡੀ ਮਿਸਾਲ ਹੈ। ਅੰਦੋਲਨ ਦੇ ਸ਼ੁਰੂਆਤੀ ਦਿਨਾਂ ਵਿੱਚ ਜਦੋਂ ਮਰਦਾਂ ਨੂੰ ਉੱਥੇ ਤੰਬੂਆਂ ਵਿੱਚ ਖ਼ੁਦ ਰੋਟੀ-ਸਬਜ਼ੀ ਬਣਾਉਣੀ ਪਈ ਅਤੇ ਖ਼ੁਦ ਕੱਪੜੇ ਧੋਣੇ ਪਏ, ਉਦੋਂ ਉਹਨਾਂ ਨੂੰ ਜ਼ਮੀਨੀ ਹਕੀਕਤ ਸਮਝ ਆਈ। ਜਦੋਂ ਸੱਚਮੁੱਚ ਖ਼ੁਦ ਚੁੱਲ੍ਹਾ ਡਾਹ ਕੇ ਰੋਟੀ ਬਣਾਉਣੀ ਪਈ, ਤਾਂ ਕਦੇ ਰੋਟੀ ਸੜ ਜਾਂਦੀ, ਕਦੇ ਸਬਜ਼ੀ ਵਿੱਚ ਮਿਰਚ ਤੇਜ਼ ਹੋ ਜਾਂਦੀ ਅਤੇ ਕੱਪੜੇ ਵੀ ਸਾਫ਼ ਨਾ ਹੁੰਦੇ। ਉਸ ਦੌਰਾਨ ਉੱਥੇ ਬੈਠੇ ਆਮ ਮਰਦਾਂ ਨੂੰ ਆਪਸ ਵਿੱਚ ਇਹ ਗੱਲਾਂ ਕਰਦਿਆਂ ਸਿੱਧੇ ਤੌਰ 'ਤੇ ਸੁਣਿਆ ਗਿਆ ਕਿ, ÷ਅਸੀਂ ਤਾਂ ਘਰੇ ਬੈਠੇ ਸੋਚਦੇ ਹੁੰਦੇ ਸੀ ਕਿ ਔਰਤਾਂ ਘਰਾਂ ਵਿੱਚ ਵਿਹਲੀਆਂ ਹੀ ਹੁੰਦੀਆਂ ਨੇ, ਬੱਸ ਸਧਾਰਨ ਜਿਹਾ ਕੰਮ ਹੀ ਕਰਦੀਆਂ ਨੇ। ਪਰ ਹੁਣ ਪਤਾ ਲੱਗਿਆ ਕਿ ਇਹਨਾਂ ਦੇ ਚੌਂਕੇ-ਚੁੱਲ੍ਹੇ ਦੇ ਕੰਮ ਵਿੱਚ ਵੀ ਇੱਕ ਵੱਡੀ ਸਾਇੰਸ ਛੁਪੀ ਹੋਈ ਹੈ।÷ ਮਰਦਾਂ ਨੇ ਖ਼ੁਦ ਕਬੂਲਿਆ ਕਿ ਖੇਤਾਂ ਦੀ ਸਖ਼ਤ ਮਿਹਨਤ ਦੇ ਮੁਕਾਬਲੇ ਘਰ ਦੇ ਤੜਫ਼ਦੇ ਕੰਮਾਂ ਦਾ ਬੋਝ ਕਿਤੇ ਜ਼ਿਆਦਾ ਹੈ। ਭਾਰਤੀ ਸਟੇਟ ਬੈਂਕ (SBI) ਦੀ ਇੱਕ ਆਰਥਿਕ ਰਿਪੋਰਟ ਦੱਸਦੀ ਹੈ ਕਿ ਜੇਕਰ ਔਰਤਾਂ ਦੁਆਰਾ ਕੀਤੇ ਜਾਣ ਵਾਲੇ ਇਸ ਘਰੇਲੂ ਕੰਮ ਨੂੰ ਦੇਸ਼ ਦੀ ਜੀ.ਡੀ.ਪੀ. (GDP) ਵਿੱਚ ਜੋੜਿਆ ਜਾਵੇ, ਤਾਂ ਇਹ ਭਾਰਤ ਦੀ ਆਰਥਿਕਤਾ ਵਿੱਚ ਲਗਭਗ 22.7 ਲੱਖ ਕਰੋੜ ਰੁਪਏ (ਜੀ.ਡੀ.ਪੀ. ਦਾ ਲਗਭਗ 7.5%) ਦਾ ਯੋਗਦਾਨ ਬਣਦਾ ਹੈ। ਇਹ ਔਰਤਾਂ ਵੱਲੋਂ ਸਮਾਜ ਨੂੰ ਦਿੱਤਾ ਜਾਣ ਵਾਲਾ ਇੱਕ ਅਜਿਹਾ ਅਣਡਿੱਠਾ ਯੋਗਦਾਨ ਹੈ, ਜਿਸ ਦੀ ਸਮਾਜ ਕੋਈ ਗਣਨਾ ਨਹੀਂ ਕਰਦਾ।

?ਜਦੋਂ ਅਸੀਂ ਸਮਾਜ ਨੂੰ ਤਿੰਨ ਮੁੱਖ ਹਿੱਸਿਆਂ—ਗਰੀਬ ਵਰਗ, ਅਮੀਰ ਵਰਗ ਅਤੇ ਮੱਧ ਵਰਗ ਵਿੱਚ ਵੰਡ ਕੇ ਦੇਖਦੇ ਹਾਂ, ਤਾਂ ਬਹੁਤ ਹੀ ਡੂੰਘੇ ਸਮਾਜਿਕ ਸੱਚ ਸਾਹਮਣੇ ਆਉਂਦੇ ਹਨ। ਗਰੀਬ ਤਬਕੇ ਦੀਆਂ ਪੇਂਡੂ ਮਜ਼ਦੂਰ ਔਰਤਾਂ 'ਤੇ ਘਰੋਂ ਬਾਹਰ ਜਾਣ ਜਾਂ ਕੰਮ ਕਰਨ 'ਤੇ ਕੋਈ ਪਾਬੰਦੀ ਨਹੀਂ ਹੁੰਦੀ, ਕਿਉਂਕਿ ਪਰਿਵਾਰ ਦੀ ਆਰਥਿਕ ਤੰਗੀ ਕਾਰਨ ਉਹਨਾਂ ਦਾ ਕਮਾਉਣਾ ਬਹੁਤ ਜ਼ਰੂਰੀ ਹੁੰਦਾ ਹੈ। ਪਰ ਪੜ੍ਹਾਈ ਦੀ ਘਾਟ, ਘਰੇਲੂ ਤਣਾਅ ਅਤੇ ਬੁਢਾਪੇ ਵਿੱਚ ਕੋਈ ਸਮਾਜਿਕ ਸੁਰੱਖਿਆ ਨਾ ਹੋਣ ਕਾਰਨ ਇਹ ਬਾਹਰ ਕੰਮ ਕਰਦੀਆਂ ਹੋਈਆਂ ਵੀ ਮਾਨਸਿਕ ਤੌਰ 'ਤੇ ਦੱਬੀਆਂ ਰਹਿ ਜਾਂਆਂ ਹਨ। ਦੂਜੇ ਪਾਸੇ, ਅਮੀਰ ਘਰਾਣਿਆਂ ਦੀਆਂ ਔਰਤਾਂ ਕੋਲ ਮਹਿੰਗੀਆਂ ਗੱਡੀਆਂ, ਕੀਮਤੀ ਪਹਿਰਾਵੇ ਅਤੇ ਉੱਚੀਆਂ ਡਿਗਰੀਆਂ ਹੁੰਦੀਆਂ ਹਨ, ਪਰ ਇਸ ਵਰਗ ਦੀ ਸਭ ਤੋਂ ਵੱਡੀ ਚੁਣੌਤੀ 'ਪਰਿਵਾਰ ਦੀ ਨੱਕ' ਅਤੇ 'ਸਮਾਜਿਕ ਰੁਤਬੇ' ਦਾ ਭਾਰੀ ਮਾਨਸਿਕ ਬੋਝ ਹੈ। ਇਹ ਔਰਤਾਂ ਆਧੁਨਿਕ ਦਿਖਣ ਦੇ ਬਾਵਜੂਦ ਕਈ ਵਾਰ ਪਰਿਵਾਰ ਦੇ ਪੁਰਾਣੇ ਨਿਯਮਾਂ ਵਿੱਚ ਬੱਝੀਆਂ ਹੁੰਦੀਆਂ ਹਨ। ਅਸਲ ਮਾਨਸਿਕ ਸੁਤੰਤਰਤਾ ਦੇ ਮਾਮਲੇ ਵਿੱਚ ਮੱਧ ਵਰਗ ਦੀਆਂ ਕੰਮਕਾਜੀ ਔਰਤਾਂ ਇੱਕ ਮਜ਼ਬੂਤ ਸਥਿਤੀ ਵਿੱਚ ਦਿਖਾਈ ਦੇਂਦੀਆਂ ਹਨ, ਪਰ ਉਹ ਅਜੇ ਵੀ ਦੋਹਰੇ ਬੋਝ (ਬਾਹਰ ਦੀ ਨੌਕਰੀ ਅਤੇ ਘਰ ਦਾ ਚੁੱਲ੍ਹਾ-ਚੌਂਕਾ) ਦੇ ਜਾਲ ਵਿੱਚ ਫਸਦੀਆਂ ਜਾ ਰਹੀਆਂ ਹਨ।

?ਸਮਾਜਿਕ ਅਤੇ ਕਾਨੂੰਨੀ ਨਿਆਂ ਦਾ ਦੂਜਾ ਪੱਖ ਸਾਡੀ ਸੁਸਤ ਨਿਆਂ ਪ੍ਰਣਾਲੀ ਅਤੇ ਸੁਰੱਖਿਆ ਦੇ ਦਾਅਵਿਆਂ ਦੀ ਫੋਕੀ ਫ਼ਸਲ ਵਿੱਚੋਂ ਨਜ਼ਰ ਆਉਂਦਾ ਹੈ। ਜਦੋਂ ਕੋਈ ਪੀੜਤ ਔਰਤ (ਚਾਹੇ ਉਹ ਕਿਸੇ ਵੱਡੀ ਹਸਤੀ ਦੀ ਧੀ ਹੋਵੇ ਜਾਂ ਕੋਈ ਆਮ ਬਲਾਤਕਾਰ ਪੀੜਤਾ) ਆਪਣੇ ਵਿਰੁੱਧ ਹੋ ਰਹੇ ਧੱਕੇ ਲਈ ਅਦਾਲਤਾਂ ਦਾ ਬੂਹਾ ਖੜਕਾਉਂਦੀ ਹੈ, ਤਾਂ ਉਸ ਨੂੰ ਇਨਸਾਫ਼ ਦੀ ਥਾਂ ਮਹਿਜ਼ 'ਤਰੀਕ 'ਤੇ ਤਰੀਕ' ਦਾ ਹਨੇਰਾ ਹੱਥ ਲੱਗਦਾ ਹੈ। ਕਈ-ਕਈ ਸਾਲ, ਕਈ-ਕਈ ਦਹਾਕੇ ਲੰਘ ਜਾਂਦੇ ਹਨ। ਕਈ ਵਾਰ ਤਾਂ ਪੀੜਤ ਪਰਿਵਾਰ ਇਨਸਾਫ਼ ਦੀ ਗੁਹਾਰ ਲਗਾਉਂਦੇ-ਲਗਾਉਂਦੇ ਖ਼ੁਦ ਹੀ ਬੁੱਢੇ ਹੋ ਕੇ ਇਸ ਦੁਨੀਆ ਤੋਂ ਤੁਰ ਜਾਂਦੇ ਹਨ, ਪਰ ਫੈਸਲੇ ਦੀ ਘੜੀ ਨਹੀਂ ਆਉਂਦੀ। ਸਾਡੀ ਅਦਾਲਤੀ ਪ੍ਰਣਾਲੀ 'ਤੇ ਇਹ ਸ਼ੇਅਰ ਬਿਲਕੁਲ ਢੁਕਦਾ ਹੈ ਕਿ—

**ਇਸ ਅਦਾਲਤ ਚ ਬੰਦੇ ਬਿਰਖ ਹੋ ਗਏ,**
**ਫੈਸਲੇ ਸੁਣਦੇ ਆਂ ਸੁਣਦੇ ਆਂ ਮੁੱਕ ਗਏ।**

?ਇਹ ਸਥਿਤੀ ਸਾਡੀ ਉਸ ਸਦੀਆਂ ਪੁਰਾਣੀ ਇਤਿਹਾਸਕ ਮਾਨਸਿਕਤਾ ਦਾ ਪ੍ਰਗਟਾਵਾ ਹੈ, ਜਿੱਥੇ ਮਰਦ ਅਤੇ ਔਰਤ ਲਈ ਨਿਯਮ ਹਮੇਸ਼ਾ ਵੱਖਰੇ ਰਹੇ। ਜਦੋਂ ਰਾਜਕੁਮਾਰ ਸਿਧਾਰਥ (ਮਹਾਤਮਾ ਬੁੱਧ) ਪਰਿਵਾਰ ਨੂੰ ਬਿਨਾਂ ਦੱਸੇ, ਅੱਧੀ ਰਾਤ ਨੂੰ ਸੁੱਤੀ ਹੋਈ ਪਤਨੀ ਅਤੇ ਬੱਚੇ ਨੂੰ ਛੱਡ ਕੇ ਚਲੇ ਜਾਂਦੇ ਹਨ, ਤਾਂ ਸਮਾਜ ਉਹਨਾਂ ਦੇ ਇਸ ਕਦਮ ਨੂੰ 'ਮਹਾਨ ਤਿਆਗ' ਕਹਿ ਕੇ ਉਹਨਾਂ ਨੂੰ ਸਾਧੂ ਅਤੇ ਰੱਬ ਦਾ ਦਰਜਾ ਦੇ ਦੇਂਦਾ ਹੈ। ਪਰ ਦੂਜੇ ਪਾਸੇ, ਜਦੋਂ ਮਾਤਾ ਸੀਤਾ ਨੂੰ ਜ਼ਬਰਦਸਤੀ ਚੁੱਕ ਕੇ ਲੈ ਜਾਇਆ ਜਾਂਦਾ ਹੈ, ਤਾਂ ਬੇਦੋਸ਼ੇ ਅਤੇ ਬਿਲਕੁਲ ਪਵਿੱਤਰ ਹੁੰਦਿਆਂ ਵੀ ਸਮਾਜ ਦੀਆਂ ਨਜ਼ਰਾਂ ਵਿੱਚ ਸੱਚਾ ਸਾਬਤ ਹੋਣ ਲਈ ਉਹਨਾਂ ਨੂੰ 'ਅਗਨੀ-ਪ੍ਰੀਖਿਆ' ਦੇਣੀ ਪੈਂਦੀ ਹੈ। ਮਰਦ ਦੇ ਖ਼ੁਦ ਕੀਤੇ ਤਿਆਗ 'ਤੇ ਪੂਜਾ ਅਤੇ ਔਰਤ ਦੀ ਮਜਬੂਰੀ 'ਤੇ ਵੀ ਸ਼ੱਕ—ਇਹੋ ਸਾਡੇ ਸਮਾਜ ਦਾ ਉਹ ਕੌੜਾ ਦੋਹਰਾ ਮਾਪਦੰਡ ਹੈ, ਜੋ ਅੱਜ ਵੀ ਕਾਨੂੰਨ ਦੇ ਮੰਦਰਾਂ ਵਿੱਚ ਔਰਤ ਨੂੰ ਹਰ ਰੋਜ਼ ਆਪਣੇ ਸੱਚੇ ਹੋਣ ਦੇ ਸਬੂਤ ਦੇਣ ਲਈ ਮਜਬੂਰ ਕਰਦਾ ਹੈ। ਜੇਕਰ ਕਾਨੂੰਨ ਦੇ ਰਖਵਾਲੇ ਅਤੇ ਇਨਸਾਫ਼ ਦੇ ਮੰਦਰ ਹੀ ਔਰਤ ਲਈ ਆਸੁਰੱਖਿਅਤ ਜਾਂ ਸੁਸਤ ਬਣ ਜਾਣ, ਤਾਂ ਫਿਰ ਔਰਤ ਇਸ ਸੰਸਾਰ ਵਿੱਚ ਕਿੱਥੇ ਜਾਵੇ?

?ਦੂਜੇ ਪਾਸੇ, ਸਮਾਜ ਦਾ ਇੱਕ ਹੋਰ ਨਕਾਰਾਤਮਕ ਚਿਹਰਾ ਉਦੋਂ ਸਾਹਮਣੇ ਆਉਂਦਾ ਹੈ ਜਦੋਂ ਕੁਝ ਬਹੁਤ ਹੀ ਨਾਮਾਤਰ ਘਟਨਾਵਾਂ ਪੂਰੀ ਔਰਤ ਜਾਤ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦੇਂਦੀਆਂ ਹਨ। ਰੁਪਿੰਦਰ ਕੌਰ ਸੁਖਨਵਾਲਾ ਦੀ ਘਟਨਾ ਅਤੇ ਨੀਲੇ ਡਰੰਮ ਵਾਲੀ ਘਟਨਾ ਵਰਗੇ ਕੁਝ ਚਰਚਿਤ ਮਾਮਲਿਆਂ ਨੇ, ਜਿੱਥੇ ਕਾਨੂੰਨ ਜਾਂ ਨੈਤਿਕਤਾ ਦਾ ਘਾਣ ਹੋਇਆ, ਸਮੁੱਚੇ ਸਮਾਜ ਨੂੰ ਔਰਤਾਂ ਦੀ ਲੜਾਈ 'ਤੇ ਸ਼ੱਕ ਕਰਨ ਦਾ ਬਹਾਨਾ ਦੇ ਦਿੱਤਾ। ਭਾਵੇਂ ਅਜਿਹੇ ਭਟਕੇ ਹੋਏ ਕੇਸ ਆਟੇ ਵਿੱਚ ਲੂਣ ਦੇ ਬਰਾਬਰ ਵੀ ਨਹੀਂ ਹਨ, ਪਰ ਪੁਰਸ਼-ਪ੍ਰਧਾਨ ਸੋਚ ਇਹਨਾਂ ਇੱਕਾ-ਦੁੱਕਾ ਉਦਾਹਰਨਾਂ ਨੂੰ ਢਾਲ ਬਣਾ ਕੇ ਕਰੋੜਾਂ ਪੀੜਤ ਔਰਤਾਂ ਦੀ ਅਸਲ ਸੱਚੀ ਲੜਾਈ ਅਤੇ ਉਹਨਾਂ ਦੇ ਸਵੈ-ਮਾਣ 'ਤੇ ਸਵਾਲੀਆ ਨਿਸ਼ਾਨ ਲਗਾਉਣ ਦੀ ਕੋਸ਼ਿਸ਼ ਕਰਦੀ ਹੈ।

?ਇਸੇ ਸਮਾਜਿਕ ਤਾਣੇ-ਬਾਣੇ ਵਿੱਚ ਜਦੋਂ ਅਸੀਂ ਵੱਖ-ਵੱਖ ਜਥੇਬੰਦੀਆਂ ਅਤੇ ਮਹਿਲਾ ਸੰਗਠਨਾਂ ਦੇ ਕਿਰਦਾਰ ਨੂੰ ਦੇਖਦੇ ਹਾਂ, ਤਾਂ ਉੱਥੇ ਵੀ ਇੱਕ ਗੰਭੀਰ ਦੋਹਰਾ ਮਾਪਦੰਡ ਸਾਹਮਣੇ ਆਉਂਦਾ ਹੈ। ਬਹੁਤ ਸਾਰੀਆਂ ਜਥੇਬੰਦੀਆਂ ਜ਼ਮੀਨੀ ਪੱਧਰ 'ਤੇ ਦਿਨ-ਰਾਤ ਮਿਹਨਤ ਕਰਕੇ ਹਜ਼ਾਰਾਂ ਪੀੜਤ ਔਰਤਾਂ ਦੀ ਬਾਂਹ ਫੜ ਰਹੀਆਂ ਹਨ, ਪਰ ਇਸੇ ਲਹਿਰ ਦੀ ਆੜ ਵਿੱਚ ਕੁਝ ਅਜਿਹੇ ਮਾੜੇ ਲੋਕ ਅਤੇ ਬੰਦੂ ਆਗੂ ਵੀ ਸ਼ਾਮਿਲ ਹੋ ਚੁੱਕੇ ਹਨ, ਜਿਨ੍ਹਾਂ ਦਾ ਨਿੱਜੀ ਚਰਿੱਤਰ ਸਮਾਜਿਕ ਨੈਤਿਕਤਾ ਦੇ ਬਿਲਕੁਲ ਉਲਟ ਹੈ। ਅੱਜ ਕਈ ਮਹਿਲਾ ਸੰਗਠਨਾਂ ਦੀਆਂ ਅਜਿਹੀਆਂ ਅਖੌਤੀ ਆਗੂ ਔਰਤਾਂ ਸਾਹਮਣੇ ਆ ਰਹੀਆਂ ਹਨ, ਜੋ ਸਟੇਜਾਂ 'ਤੇ ਖੜ੍ਹੇ ਹੋ ਕੇ ਇਨਸਾਫ਼ ਦੇ ਵੱਡੇ-ਵੱਡੇ ਨਾਅਰੇ ਲਗਾਉਂਦੀਆਂ ਹਨ, ਪਰ ਉਹ ਖ਼ੁਦ ਦੂਜਿਆਂ ਦੇ ਹੱਸਦੇ-ਵਸਦੇ ਘਰਾਂ ਵਿੱਚ ਬਿਨਾਂ ਵਜ ?ਹਾ ਦਖ਼ਲਅੰਦਾਜ਼ੀ ਕਰਕੇ ਪਰਿਵਾਰਾਂ ਨੂੰ ਤੋੜਨ ਦੀਆਂ ਜ਼ਿੰਮੇਵਾਰ ਬਣਦੀਆਂ ਹਨ। ਜਿਹੜੀਆਂ ਆਗੂ ਬੀਬੀਆਂ ਆਪਣੀ ਨਿੱਜੀ ਚੌਧਰ, ਸਵੈ-ਸ਼ੋਹਰਤ, ਜਾਂ ਫੰਡਾਂ ਦੀ ਖੇਡ ਲਈ ਕਿਸੇ ਦੂਸਰੇ ਦੇ ਵਸਦੇ-ਰਸਦੇ ਪਰਿਵਾਰ ਨੂੰ ਉਜਾੜਨ ਵੱਲ ਧੱਕਣ ਤੋਂ ਨਹੀਂ ਹਿਚਕਿਚਾਉਂਦੀਆਂ, ਉਹ ਭਲਾ ਕਿਸੇ ਹੋਰ ਪੀੜਤ ਨੂੰ ਕੀ ਇਨਸਾਫ਼ ਦਿਵਾਉਣਗੇ? ਬਾਹਰ ਇਨਸਾਫ਼ ਦੀ ਲੜਾਈ ਦਾ ਮੁਖੌਟਾ ਅਤੇ ਅੰਦਰੂਨੀ ਜ਼ਿੰਦਗੀ ਵਿੱਚ ਦੂਜਿਆਂ ਦੇ ਪਰਿਵਾਰ ਉਜਾੜਨ ਵਾਲਾ ਇਹ ਕਿਰਦਾਰ ਸਮਾਜਿਕ ਲਹਿਰਾਂ ਦੇ ਵਿਸ਼ਵਾਸ ਨੂੰ ਬੁਨਿਆਦੀ ਪੱਧਰ 'ਤੇ ਸੱਟ ਮਾਰਦਾ ਹੈ।

?ਪਰ ਇਸ ਸਾਰੀ ਜੰਗ ਵਿੱਚ ਸਾਨੂੰ ਸੱਚ ਦੇ ਉਸ ਉਜਲੇ ਪੱਖ ਨੂੰ ਵੀ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ, ਜੋ ਇਸ ਸਮਾਜਿਕ ਸੰਘਰਸ਼ ਨੂੰ ਸੰਤੁਲਨ ਦਿੰਦਾ ਹੈ। ਔਰਤਾਂ ਦੀ ਆਜ਼ਾਦੀ ਅਤੇ ਬਰਾਬਰੀ ਦੀ ਇਹ ਲੜਾਈ ਸਿਰਫ਼ ਮਰਦਾਂ ਦੇ ਖ਼ ?ਲਾਫ਼ ਨਹੀਂ ਹੈ, ਅਤੇ ਨਾ ਹੀ ਹਰ ਮਰਦ ਇਸ ਸ਼ੋਸ਼ਣ ਦਾ ਹਿੱਸਾ ਹੈ। ਅੱਜ ਦੇ ਦੌਰ ਵਿੱਚ ਅਜਿਹੇ ਹਜ਼ਾਰਾਂ ਪਿਤਾ, ਭਰਾ ਅਤੇ ਪਤੀ ਮੌਜੂਦ ਹਨ ਜੋ ਆਪਣੀਆਂ ਧੀਆਂ-ਭੈਣਾਂ ਦੇ ਸੁਪਨਿਆਂ ਨੂੰ ਖੰਭ ਦੇਣ ਲਈ ਖ਼ੁਦ ਚਟਾਨ ਵਾਂਗ ਪਿੱਛੇ ਖੜ੍ਹੇ ਹੁੰਦੇ ਹਨ। ਉਹ ਪਿਤਾ ਜੋ ਆਪਣੀ ਜਮ ?ਹਾਂ-ਪੂੰਜੀ ਧੀ ਦੇ ਦਾਜ ਲਈ ਜੋੜਨ ਦੀ ਬਜਾਏ ਉਸਦੀ ਉੱਚ ਸਿੱਖਿਆ 'ਤੇ ਲਗਾਉਂਦਾ ਹੈ, ਅਤੇ ਉਹ ਪਤੀ ਜੋ ਕੰਮਕਾਜੀ ਪਤਨੀ ਦੇ ਮੋਢੇ ਨਾਲ ਮੋਢਾ ਜੋੜ ਕੇ ਘਰ ਦੇ ਚੁੱਲ੍ਹੇ-ਚੌਂਕੇ ਦੀ ਜ਼ਿੰਮੇਵਾਰੀ ਸਾਂਭਦਾ ਹੈ, ਉਹ ਇਸ ਬਦਲਦੇ ਸਮਾਜ ਦੇ ਅਸਲ ਨਾਇਕ ਅਤੇ ਸਕਾਰਾਤਮਕ ਸਹਿਯੋਗੀ ਹਨ।

?ਸਮਾਜਿਕ ਨੈਤਿਕਤਾ ਦਾ ਸਭ ਤੋਂ ਵੱਡਾ ਦੋਹਰਾ ਮਾਪਦੰਡ ਵਿਆਹੁਤਾ ਰਿਸ਼ਤੇ ਦੀ ਵਫ਼ਾਦਾਰੀ ਅਤੇ ਪ੍ਰੇਮ ਸੰਬੰਧਾਂ ਦੇ ਮਾਮਲੇ ਵਿੱਚ ਦੇਖਣ ਨੂੰ ਮਿਲਦਾ ਹੈ। ਜੇਕਰ ਕਿਸੇ ਮਰਦ ਦਾ ਘਰੋਂ ਬਾਹਰ ਕੋਈ ਸੰਬੰਧ ਸਾਹਮਣੇ ਆਉਂਦਾ ਹੈ, ਤਾਂ ਸਮਾਜ ਉਸ ਨੂੰ 'ਇੱਕ ਭੁੱਲ' ਮੰਨ ਕੇ ਮਾਫ਼ ਕਰਨ ਦੀ ਵਕਾਲਤ ਕਰਨ ਲੱਗਦਾ ਹੈ, ਪਰ ਜੇਕਰ ਇਹੀ ਗਲਤੀ ਕਿਸੇ ਔਰਤ ਕੋਲੋਂ ਹੋ ਜਾਵੇ, ਤਾਂ ਉਸ ਨੂੰ ਤੁਰੰਤ ਸਮਾਜਿਕ ਤੌਰ 'ਤੇ ਨਕਾਰ ਦਿੱਤਾ ਜਾਂਦਾ ਹੈ। ਇਸ ਤੋਂ ਵੀ ਅੱਗੇ ਵੱਧ ਕੇ, ਜਦੋਂ ਵੀ ਸਮਾਜ ਵਿੱਚ ਕੋਈ ਪ੍ਰੇਮ ਸੰਬੰਧ ਸਾਹਮਣੇ ਆਵੇ, ਤਾਂ ਉਸ ਦਾ ਸਾਰਾ ਨੁਕਸਾਨ ਅਤੇ ਭਿਆਨਕ ਤਸ਼ੱਦਦ ਇਕੱਲੀ ਔਰਤ ਨੂੰ ਹੀ ਸਹਿਣਾ ਪੈਂਦਾ ਹੈ। ਅਜਿਹੇ ਮਾਮਲਿਆਂ ਵਿੱਚ ਮਰਦਾਂ ਦੇ ਮੁਕਾਬਲੇ ਔਰਤਾਂ 'ਤੇ ਹੁੰਦੀ ਹਿੰਸਾ, ਸਮਾਜਿਕ ਬਾਈਕਾਟ ਅਤੇ 'ਅਣਖ ਖ਼ਾਤਰ ਕਤਲ' (Honor Killing) ਵਰਗੇ ਮਾੜੇ ਅਪਰਾਧਾਂ ਦੀ ਦਰ ਬੇਹੱਦ ਉੱਚੀ ਹੈ। ਸਮਾਜ ਮਰਦ ਦੀ ਭੂਮਿਕਾ ਨੂੰ ਬੜੀ ਚਲਾਕੀ ਨਾਲ ਨਜ਼ਰਅੰਦਾਜ਼ ਕਰ ਦਿੰਦਾ ਹੈ, ਪਰ ਔਰਤ 'ਤੇ 'ਖ਼ਾਨਦਾਨ ਦੀ ਝੂਠੀ ਇੱਜ਼ਤ' ਦਾ ਕਲੰਕ ਲਗਾ ਕੇ ਉਸ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਤਬਾਹ ਕਰ ਦਿੱਤਾ ਜਾਂਦਾ ਹੈ।

?ਜਦੋਂ ਅਸੀਂ ਇਸ ਸਸ਼ਕਤੀਕਰਨ ਦੀ ਮੌਜੂਦਾ ਸਥਿਤੀ ਨੂੰ ਰਾਜਨੀਤਿਕ ਖੇਤਰ ਵਿੱਚ ਦੇਖਦੇ ਹਾਂ, ਤਾਂ ਉੱਥੇ ਵੀ ਇੱਕ ਵੱਡਾ ਦਿਖਾਵਾ ਅਤੇ ਪ੍ਰਸ਼ਾਸਨਿਕ ਪਾੜਾ ਨਜ਼ਰ ਆਉਂਦਾ ਹੈ। ਭਾਵੇਂ ਅੱਜ ਪਿੰਡ ਦੀ ਸਰਪੰਚ ਕੋਈ ਮਹਿਲਾ ਹੀ ਕਿਉਂ ਨਾ ਹੋਵੇ, ਪਰ ਜ਼ਮੀਨੀ ਹਕੀਕਤ ਇਹ ਹੈ ਕਿ ਉਹ ਸਰਪੰਚ ਹੋਣ ਦੇ ਬਾਵਜੂਦ ਵੀ ਸੁਤੰਤਰ ਤੌਰ 'ਤੇ ਫੈਸਲੇ ਲੈਣ ਤੋਂ ਅਸਮਰੱਥ ਹੁੰਦੀ ਹੈ। ਪੰਚਾਇਤੀ ਫੰਡਾਂ ਦੀ ਵਰਤੋਂ, ਪਿੰਡ ਦੇ ਵਿਕਾਸ ਕਾਰਜ, ਜਾਂ ਥਾਣੇ-ਕਚਹਿਰੀ ਦੇ ਸਾਰੇ ਅਹਿਮ ਫੈਸਲੇ ਪਰਦੇ ਦੇ ਪਿੱਛੇ ਰਹਿ ਕੇ ਉਸਦਾ ਪਤੀ ਜਾਂ ਉਸਦਾ ਪੁੱਤਰ ਹੀ ਲੈਂਦਾ ਹੈ। ਅਜਿਹੀ ਸਥਿਤੀ ਵਿੱਚ ਉਹ ਮਹਿਲਾ ਸਰਪੰਚ ਸਿਰਫ਼ ਸਰਕਾਰੀ ਕਾਗਜ਼ਾਂ 'ਤੇ ਅੰਗੂਠਾ ਲਗਾਉਣ ਜਾਂ ਦਸਤਖ਼ਤ ਕਰਨ ਤੱਕ ਹੀ ਸੀਮਤ ਰਹਿ ਜਾਂਦੀ ਹੈ। ਇਹ 'ਸਰਪੰਚ ਪਤੀ' ਵਾਲਾ ਸਿਸਟਮ ਇਸ ਗੱਲ ਦਾ ਸਭ ਤੋਂ ਵੱਡਾ ਸਬੂਤ ਹੈ ਕਿ ਅਸੀਂ ਔਰਤ ਨੂੰ ਸੰਵਿਧਾਨਕ ਕੁਰਸੀ ਤਾਂ ਦੇ ਦਿੱਤੀ ਹੈ, ਪਰ ਸਮਾਜਿਕ ਮਾਨਸਿਕਤਾ ਨੇ ਅਜੇ ਵੀ ਉਸਦੀ ਸੋਚ ਅਤੇ ਤਾਕਤ 'ਤੇ ਪੁਰਸ਼ ਪ੍ਰਧਾਨਤਾ ਦੀ ਬੇੜੀ ਪਾਈ ਹੋਈ ਹੈ। ਜਦੋਂ ਤੱਕ ਰਾਜਨੀਤਿਕ ਅਹੁਦਿਆਂ 'ਤੇ ਬੈਠੀਆਂ ਔਰਤਾਂ ਖ਼ੁਦ ਆਪਣੇ ਫੈਸਲੇ ਲੈਣ ਦੇ ਯੋਗ ਨਹੀਂ ਹੁੰਦੀਆਂ, ਉਦੋਂ ਤੱਕ ਇਹ ਆਜ਼ਾਦੀ ਮਹਿਜ਼ ਇੱਕ ਸਿਆਸੀ ਨਾਟਕ ਹੀ ਰਹੇਗੀ।

?ਅੱਜ ਜਦੋਂ ਅਸੀਂ ਦੁਨੀਆ ਦੇ ਨਕਸ਼ੇ ਵੱਲ ਝਾਤ ਮਾਰਦੇ ਹਾਂ, ਤਾਂ ਇਹ ਦੇਖ ਕੇ ਮਾਣ ਮਹਿਸੂਸ ਹੁੰਦਾ ਹੈ ਕਿ ਔਰਤਾਂ ਨੇ ਅਸਮਾਨ ਨੂੰ ਛੂਹ ਲਿਆ ਹੈ। ਉਹ ਚੰਦ 'ਤੇ ਪੈਰ ਧਰ ਚੁੱਕੀਆਂ ਹਨ। ਦੇਸ਼ ਦੇ ਸਭ ਤੋਂ ਵੱਡੇ ਅਹੁਦਿਆਂ 'ਤੇ ਬੈਠ ਕੇ ਦੇਸ਼ ਨੂੰ ਚਲਾਉਣ ਵਾਲੀਆਂ ਸਿਆਸਤਦਾਨ ਔਰਤਾਂ, ਖੇਡਾਂ ਦੇ ਮੈਦਾਨਾਂ ਵਿੱਚ ਵਿਰੋਧੀਆਂ ਨੂੰ ਚਿੱਤ ਕਰਕੇ ਤਿਰੰਗਾ ਲਹਿਰਾਉਣ ਵਾਲੀਆਂ ਮਾਣਮੱਤੀਆਂ ਖਿਡਾਰਨਾਂ—ਇਹ ਸਭ ਇਸ ਗੱਲ ਦੀ ਗਵਾਹੀ ਹਨ ਕਿ ਹੁਣ ਕੋਈ ਅਜਿਹਾ ਖੇਤਰ ਨਹੀਂ ਬਚਿਆ ਜਿੱਥੇ ਔਰਤ ਨੇ ਆਪਣੀ ਯੋਗਤਾ ਦਾ ਲੋਹਾ ਨਾ ਮਨਵਾਇਆ ਹੋਵੇ। ਪਰ ਸਮੇਂ ਦਾ ਸਭ ਤੋਂ ਵੱਡਾ ਅਤੇ ਤਿੱਖਾ ਸਵਾਲ ਇਹ ਹੈ ਕਿ ਸਫ਼ਲਤਾ ਦੀਆਂ ਇਹ ਉਦਾਹਰਨਾਂ ਸਿਰਫ਼ ਮੁੱਠੀ ਭਰ ਔਰਤਾਂ ਤੱਕ ਹੀ ਕਿਉਂ ਸੀਮਤ ਰਹਿਣ? ਕੁਝ ਗਿਣਤੀ ਦੀਆਂ ਪ੍ਰਾਪਤੀਆਂ ਨੂੰ ਦੇਖ ਕੇ ਪੂਰੇ ਸਮਾਜ ਦੇ ਦਰਦ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਅੱਜ ਲੋੜ ਇਸ ਗੱਲ ਦੀ ਹੈ ਕਿ ਸਫ਼ਲਤਾ ਅਤੇ ਜਾਗਰੂਕਤਾ ਦਾ ਇਹ ਚਾਨਣ ਦੇਸ਼ ਦੇ ਹਰ ਪਿੰਡ, ਹਰ ਗਲੀ ਅਤੇ ਆਖਰੀ ਲਾਈਨ ਵਿੱਚ ਖੜ੍ਹੀ ਔਰਤ ਦੇ ਚੁਲ੍ਹੇ ਤੱਕ ਪਹੁੰਚੇ। ਮੁੱਠੀ ਭਰ ਮਿਸਾਲਾਂ ਨਾਲ ਨਹੀਂ, ਸਗੋਂ ਸਮੁੱਚੇ ਸਮਾਜ ਅੰਦਰ ਇੱਕ ਵੱਡੀ ਮਾਨਸਿਕ ਕ੍ਰਾਂਤੀ ਅਤੇ ਚੇਤਨਾ ਲਿਆਉਣ ਦੀ ਲੋੜ ਹੈ।

?ਸਾਨੂੰ ਇਹ ਹਕੀਕਤ ਮੰਨਣੀ ਪਵੇਗੀ ਕਿ ਇਹ ਸਮਾਜ, ਇਹ ਦੇਸ਼ ਅਤੇ ਸਾਡੇ ਘਰ-ਪਰਿਵਾਰ ਉਦੋਂ ਹੀ ਸਹੀ ਸਲਾਮਤ ਅੱਗੇ ਵਧ ਸਕਦੇ ਹਨ, ਜੇਕਰ ਜ਼ਿੰਦਗੀ ਦੀ ਗੱਡੀ ਦੇ ਦੋਵੇਂ ਪਹੀਏ ਬਰਾਬਰ ਸ਼ਕਤੀ ਨਾਲ ਚੱਲਣਗੇ। ਮਰਦ ਅਤੇ ਔਰਤ—ਇਸ ਸਮਾਜਿਕ ਗੱਡੀ ਦੇ ਦੋ ਅਜਿਹੇ ਪਹੀਏ ਹਨ, ਜਿਨ੍ਹਾਂ ਵਿੱਚੋਂ ਜੇਕਰ ਇੱਕ ਵੀ ਪਹੀਆ ਜ਼ਖ਼ਮੀ ਜਾਂ ਕਮਜ਼ੋਰ ਰਹਿ ਜਾਵੇ, ਜਾਂ ਮਾਨਸਿਕ ਪਛੜੇਵੇਂ ਦੀ ਦਲਦਲ ਵਿੱਚ ਫਸਿਆ ਰਹੇ, ਤਾਂ ਪਰਿਵਾਰ ਅਤੇ ਦੇਸ਼ ਦੀ ਤਰੱਕੀ ਦੀ ਗੱਡੀ ਕਦੇ ਵੀ ਅੱਗੇ ਨਹੀਂ ਵਧ ਸਕਦੀ। ਗੱਡੀ ਦੀ ਸਹੀ ਰਫ਼ਤਾਰ ਅਤੇ ਸਲਾਮਤੀ ਲਈ ਦੋਵਾਂ ਪਹੀਆਂ ਦਾ ਇੱਕੋ ਜਿਹਾ ਮਜ਼ਬੂਤ, ਨਿਰੋਆ ਅਤੇ ਆਜ਼ਾਦ ਹੋਣਾ ਲਾਜ਼ਮੀ ਹੈ। ?ਆਓ, ਅਸੀਂ ਆਪਣੇ ਪਰਿਵਾਰਾਂ ਵਿੱਚ ਦਿਖਾਵੇ ਦੀ ਆਜ਼ਾਦੀ ਦੇ ਭਰਮ ਵਿੱਚੋਂ ਨਿਕਲੀਏ। ਆਪਣੀਆਂ ਧੀਆਂ, ਭੈਣਾਂ ਅਤੇ ਮਾਵਾਂ ਨੂੰ ਸਿਰਫ਼ ਪੜ੍ਹਾਈ ਦੀ ਡਿਗਰੀ ਹੀ ਨਾ ਦੇਈਏ, ਬਲਕਿ ਉਹਨਾਂ ਨੂੰ ਸਮਾਜਿਕ ਬੰਧਨਾਂ ਤੋਂ ਮੁਕਤ ਕਰੀਏ, ਆਪਣੇ ਕਾਨੂੰਨੀ ਅਧਿਕਾਰਾਂ ਪ੍ਰਤੀ ਜਾਗਰੂਕ ਕਰੀਏ, ਵਿੱਤੀ ਫੈਸਲੇ ਲੈਣੇ ਸਿਖਾਈਏ, ਰਾਜਨੀਤਿਕ ਤੌਰ 'ਤੇ ਖ਼ੁਦਮੁਖਤਿਆਰ ਬਣਾਈਏ ਅਤੇ ਉਹਨਾਂ ਨੂੰ ਆਪਣੇ ਜੀਵਨ ਦੇ ਫੈਸਲੇ ਖ਼ੁਦ ਲੈਣ ਲਈ ਮਾਨਸਿਕ ਤੌਰ 'ਤੇ ਮਜ਼ਬੂਤ ਬਣਾਈਏ। ਕਿਉਂਕਿ ਜਦੋਂ ਜ਼ਿੰਦਗੀ ਦੀ ਗੱਡੀ ਦੇ ਇਹ ਦੋਨੋਂ ਪਹੀਏ ਸਵੈ-ਮਾਣ, ਸੁਰੱਖਿਆ ਅਤੇ ਬਰਾਬਰੀ ਦੇ ਰਾਹ 'ਤੇ ਇੱਕਸਾਰ ਚੱਲਣਗੇ, ਉਦੋਂ ਹੀ ਇੱਕ ਖੁਸ਼ਹਾਲ ਪਰਿਵਾਰ ਅਤੇ ਮਜ਼ਬੂਤ ਦੇਸ਼ ਦਾ ਨਿਰਮਾਣ ਸੰਭਵ ਹੋਵੇਗਾ।

# ਆਓ ਵਾਤਾਵਰਣ ਨੂੰ ਹਰਾ ਭਰਾ ਰੱਖੀਏ



ਕਰੋਨਾ ਵਾਇਰਸ ਨੇ ਪੂਰੇ ਵਿਸ਼ਵ ਵਿੱਚ ਹਾਹਾਕਾਰ ਮਚਾਈ ਹੋਈ ਹੈ। ਭਾਰਤ ਵਿੱਚ ਲੋਕ 22 ਮਾਰਚ ਤੋਂ ਤਕਰੀਬਨ ਆਪਣੇ ਘਰਾਂ ਵਿੱਚ ਕੈਦ ਹਨ ।ਲਾਕਡਾਊਨ ਚਾਰ ਦੌਰਾਨ ਸਰਕਾਰ ਨੇ ਕੁਝ ਚੀਜ਼ਾਂ ਤੇ ਢਿੱਲ ਦਿੱਤੀ ਹੈ ।ਆਪਣੇ ਨਿੱਜੀ ਸਵਾਰਥਾਂ ਲਈ ਮਨੁੱਖ ਨੇ ਕੁਦਰਤ ਨਾਲ ਛੇੜਖਾਨੀ ਕੀਤੀ ।ਪਹਾੜੀ ਖੇਤਰਾਂ ਵਿੱਚ ਵੀ ਵੱਡੀਆਂ ਵੱਡੀਆਂ ਇਮਾਰਤਾਂ ਉਸਾਰ ਦਿੱਤੀਆਂ ਗਈਆਂ। ਨਦੀਆਂ ਨਾਲਿਆਂ ਨੂੰ ਤੰਗ ਕਰ ਦਿੱਤਾ ਗਿਆ ।ਜਨਸੰਖਿਆ ਨੂੰ ਵਸਾਉਣ ਲਈ ਜੰਗਲ ਤੱਕ ਕੱਟ ਦਿੱਤੇ ਗਏ।ਸਤਲੁਜ ,ਬਿਆਸ ਵਰਗੇ ਦਰਿਆਵਾਂ ਦਾ ਪਾਣੀ ਜ਼ਹਿਰੀਲਾ ਹੋ ਚੁੱਕਿਆ ਸੀ। ਕੁਦਰਤ ਲਗਾਤਾਰ ਵਾਰ ਵਾਰ ਇਸ਼ਾਰੇ ਕਰ ਰਹੀ ਹੈ, ਮਨੁੱਖ ਫਿਰ ਵੀ ਨਹੀਂ ਸੰਭਲਿਆ ।2005 ਵਿੱਚ ਸੁਨਾਮੀ ਨੇ ਬਹੁਤ ਕਹਿਰ ਮਚਾਇਆ ।2012 ਵਿੱਚ ਜੋ ਉੱਤਰਾਖੰਡ ਵਿੱਚ ਹੜ੍ਹਾਂ ਨੇ ਕਹਿਰ ਮਚਾਇਆ, ਉਹ ਅੱਜ ਵੀ ਨਹੀਂ ਭੁੱਲਦਾ ।ਭੂਚਾਲ ਆਉਣ ਨਾਲ ਵੱਡੀਆਂ ਵੱਡੀਆਂ ਇਮਾਰਤਾਂ ਡਿੱਗੀਆਂ ।ਕਿੰਨਾ ਜਾਨ ਮਾਲ ਦਾ ਨੁਕਸਾਨ ਹੋਇਆ ।ਫਿਰ ਵੀ ਮਨੁੱਖ ਨਹੀਂ ਸੰਭਲਿਆ । ਫੈਕਟਰੀਆਂ ਦੀ ਰਹਿੰਦ ਖੂੰਦ ਨੂੰ ਦਰਿਆਵਾਂ ਵਿੱਚ ਸੁਟ ਦਿੱਤਾ ਜਾ ਰਿਹਾ ਸੀ। ਖਬਰਾਂ ਪੜ੍ਹਨ ਨੂੰ ਮਿਲਦੀਆਂ ਸਨ ਕਿ ਬਿਆਸ ਦਰਿਆ ਵਿੱਚ ਕਈ ਮੱਛੀਆਂ ਪ੍ਰਦੂਸ਼ਣ ਕਰਕੇ ਮਰ ਗਈਆਂ ।ਹੋਰ ਤਾਂ ਹੋਰ ਲੋਕ ਲਿਫ਼ਾਫ਼ੇ ਦੇ ਲਿਫਾਫੇ ਦਰਿਆਵਾਂ ਵਿੱਚ ਸੁੱਟਦੇ ਸਨ। ਜੇ ਘਰ ਵਿੱਚ ਹਵਨ ਕਰਵਾਉਣਾ ਉਸ ਦੀ ਸਮੱਗਰੀ ਥੈਲੇ ਭਰ ਕੇ ਦਰਿਆਵਾਂ ਵਿੱਚ ਸੁੱਟੀ ਜਾਂਦੀ ਸੀ । ਫੇਫੜਿਆਂ ,ਦਿਲ ਦੇ ਮਰੀਜ਼ ਬਣਦੇ ਜਾ ਰਹੇ ਸਨ।ਹਸਪਤਾਲਾਂ ਵਿੱਚ ਲੋਕਾਂ ਦੀਆਂ ਲੰਮੀਆਂ ਲੰਮੀਆਂ ਕਤਾਰਾਂ ਵੇਖਣ ਨੂੰ ਮਿਲਦੀਆਂ ਸਨ।ਆਏ ਦਿਨ ਹਸਪਤਾਲਾਂ ਵਿੱਚ ਪਤਾ ਨਹੀਂ ਕਿੰਨੇ ਕੁ ਮਰੀਜ਼ਾਂ ਦੇ ਸਟੰਟ ਪੈਂਦੇ ਸਨ। ਕੋਈ ਬਲੱਡ ਪ੍ਰੈਸ਼ਰ ਦਾ ਮਰੀਜ਼ ਜਾਂ ਕੋਈ ਸਟੰਟ ਪਾਉਣ ਲਈ ਹਸਪਤਾਲਾਂ ਦੇ ਚੱਕਰ ਲਗਾਉਂਦਾ ਸੀ । ਬਜ਼ੁਰਗਾਂ ਦੀ ਗੱਲ ਸੁਣਨ ਲਈ ਬੱਚਿਆਂ ਕੋਲ ਸਮਾਂ ਨਹੀਂ ਸੀ ।ਹਰ ਪਾਸੇ ਪੈਸੇ ਦਾ ਬੋਲ ਬਾਲਾ ਸੀ ।ਇਨਸਾਨੀਅਤ ਖ਼ਤਮ ਹੀ ਹੋ ਚੁੱਕੀ ਸੀ । ਸੁਆਦਾਂ ਲਈ ਜੀਵ ਜੰਤੂਆਂ ਤੱਕ ਨੂੰ ਨਹੀਂ ਬਖਸ਼ਿਆ ।ਪੰਜ ਤਾਰਾ ਹੋਟਲਾਂ ਵਿੱਚ ਤਰ੍ਹਾਂ ਤਰ੍ਹਾਂ ਦੇ ਜੀਵ ਜੰਤੂਆਂ ਦਾ ਮਸਾਲੇ ਲਗਾ ਕੇ ਮੀਟ ਖਾਇਆ ਜਾ ਰਿਹਾ ਸੀ ।ਸਮਾਂ ਤਾਂ ਸਭ ਦਾ ਹੀ ਹੁੰਦਾ ਹੈ ।ਅੱਜ ਕੁਦਰਤ ਦੀ ਅਜਿਹੀ ਖੇਡ ਹੋਈ ,ਮਨੁੱਖ ਕੈਦ ਹੈ ਤੇ ਜੀਵ ਜੰਤੂ ਆਜ਼ਾਦ ਹਨ।ਉੱਤਰ ਭਾਰਤ ਵਿੱਚ ਪਿਛਲੇ ਵੀਹ ਸਾਲਾਂ ਤੋਂ ਸਭ ਤੋਂ ਘੱਟ ਪ੍ਰਦੂਸ਼ਣ ਹੈ। ਕੁਦਰਤੀ ਜੀਵ ਜੰਤੂਆਂ ਨੂੰ ਸੁੱਖ ਦਾ ਸਾਹ ਆਇਆ ਹੈ ।ਪੰਜਾਬ ਵਿੱਚ ਚਿੱਟੀ ਬੇਈ, ਕਾਲਾ ਸੰਘਾ ਡਰੇਨ ਦਾ ਪਾਣੀ ਸਾਫ਼ ਸੁਥਰਾ ਹੋ ਚੁੱਕਿਆ ਹੈ ।ਕਿਉਂਕਿ ਉਨ੍ਹਾਂ ਵਿੱਚ ਹੁਣ ਫੈਕਟਰੀਆਂ ਦੀ ਰਹਿੰਦ ਖੂੰਦ ਨੂੰ ਨਹੀਂ ਸੁੱਟਿਆ ਜਾ ਰਿਹਾ ਹੈ । ਲਾਕਡਾਊਨ ਲੱਗਾ ਹੋਇਆ ਹੈ। ਹਰੀਕੇ ਪੱਤਣ ਵਿੱਚ ਪੰਛੀ ਅਠਖੇਲੀਆਂ ਕਰਦੇ ਨਜ਼ਰ ਆ ਰਹੇ ਹਨ।ਬਿਆਸ ਦਰਿਆ ਵਿੱਚ ਡਾਲਫਿਨ ਆਨੰਦ ਮਾਣ ਰਹੀਆਂ ਹਨ । ਮੁਰਝਾਏ ਹੋਏ ਪੱਤੇ ,ਦਰੱਖਤ ,ਬੂਟੇ ਖਿੱਲ ਖਿਲਾ ਰਹੇ ਹੁੰਦੇ ਹਨ ।ਬੱਚਿਆਂ ਨੂੰ ਪਹਿਲੀ ਵਾਰ ਡੂੰਮਣੇ ਦੇ ਛੱਤੇ ਵੇਖਣ ਨੂੰ ਮਿਲ ਰਹੇ ਹਨ ।ਪਹਾੜਾਂ ਤੇ ਬਰਫ ਜੰਮੀ ਹੋਈ ਦਿਖ ਰਹੀ ਹੈ ।ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਸਾਰੇ ਭਾਰਤ ਵਿੱਚ ਪ੍ਰਦੂਸ਼ਣ ਦਾ ਪੱਧਰ ਸੁਧਰਿਆ ਹੈ ।ਗ੍ਰਹਿ ਤੇ ਤਾਰੇ ਚਮਕਣ ਲੱਗੇ ਹਨ। ਜੰਮੂ ਤੋਂ ਪੀਰ ਪੰਜਾਲ ਦੀਆਂ ਪਹਾੜੀਆਂ ਤੇ ਬਰਫ ਦੇਖਣ ਦਾ ਨਜ਼ਾਰਾ ਬਹੁਤ ਹੀ ਦਿਲ ਖਿੱਚਵਾਂ ਹੈ। ਇਹ ਹੁਣ ਸੰਭਲਣ ਦਾ ਸਮਾਂ ਹੈ ।ਜੇ ਇੰਨਾ ਕੁਝ ਹੋ ਕੇ ਇਨਸਾਨ ਨਹੀਂ ਸੁਧਰਿਆ, ਤਾਂ ਉਹ ਇਨਸਾਨ ਕਹਾਉਣ ਦੇ ਲਾਇਕ ਨਹੀਂ ਹੈ ।ਵਿਚਾਰਨ ਵਾਲੀ ਗੱਲ ਹੈ ਕਿ ਹੁਣ ਇਨਸਾਨ ਇਹ ਸਾਫ਼ ਸੁਥਰੀ ਹਵਾ ਨੂੰ ਬਰਕਰਾਰ ਰੱਖ ਪਾਏਗਾ ਜਾਂ ਨਹੀਂ ?



**ਸੰਜੀਵ ਸਿੰਘ ਸੈਣੀ ਮੁਹਾਲੀ**

# ਜਾਣੀ-ਪਛਾਣੀ ਕਲਮ ਤੇ ਅਵਾਜ਼ : ਨਿਰਮਲਾ ਗਰਗ



**ਪ੍ਰੀਤਮ ਲੁਧਿਆਣਵੀ, ਚੰਡੀਗੜ੍ਹ**
(9876428641)

ਸਾਹਿਤ ਦੀ ਚੇਟਕ ਮਨੁੱਖੀ ਰਿਸ਼ਤਿਆਂ ਵਿੱਚੋਂ ਆਸਾਨੀ ਨਾਲ ਲੱਗ ਜਾਂਦੀ ਹੈ। ਨਿਰਮਲਾ ਗਰਗ ਨਾਲ ਵੀ ਕੁਝ ਅਜਿਹਾ ਹੀ ਵਾਪਰਿਆ। ਜਦੋਂ ਹਾਲੇ ਉਸ ਸੁਰਤ ਸੰਭਾਲੀ ਹੀ ਸੀ ਤਾਂ ਘਰ ਵਿੱਚ ਉਹ ਆਪਣੇ ਪਿਤਾ ਜੀ ਤੋਂ ਕਵੀਸ਼ਰੀ ਦੇ ਬੋਲ ਸੁਣਨ ਲੱਗ ਪਈ ਸੀ। ਉਸ ਕਿਹਾ, "ਮੇਰੇ ਹਾਲੇ ਤੱਕ ਯਾਦ ਹੈ ਕਿ ਜਦੋਂ ਮੈਂ ਛੇ ਕੁ ਸਾਲਾਂ ਦੀ ਸੀ ਤਾਂ ਮੈਨੂੰ "ਲੂਣਾ" ਬਾਰੇ ਪਤਾ ਲੱਗ ਗਿਆ ਸੀ ਕਵੀਸ਼ਰੀ ਚੋਂ। ਮੇਰੇ ਅੰਦਰ ਸਾਹਿਤ ਦੇ ਬੀਜ ਤਾਂ ਬਚਪਨ ਤੋਂ ਹੀ ਸਨ, ਪਰ ਉਹਨਾਂ ਨੂੰ ਉਜਾਗਰ ਕਰਨ ਦਾ ਮੌਕਾ ਨਹੀਂ ਮਿਲਿਆ ਸੀ। ਜਦੋਂ ਮੇਰੇ ਪਿਤਾ ਜੀ ਦੀ ਅਚਾਨਕ ਮੌਤ ਹੋ ਗਈ ਤਾਂ ਮੈਂ ਧੁਰ ਅੰਦਰ ਤੱਕ ਝੰਜੋੜੀ ਗਈ। ਮੈਂ ਆਪਣਾ ਇਕੱਠਾ ਹੋਇਆ ਸਾਰਾ ਦਰਦ ਇੱਕ ਕਾਗਜ ਉਤੇ ਕਵਿਤਾ ਦੇ ਰੂਪ ਵਿੱਚ ਲਿਖਿਆ। ਕਵਿਤਾ ਅਖਵਾਰ 'ਚ ਵੀ ਛਪੀ ਅਤੇ ਸਭ ਨੇ ਪਸੰਦ ਕੀਤੀ। ਉਸ ਤੋਂ ਬਾਦ ਮੇਰੇ ਜੀਜਾ ਜੀ ਅਮਰ ਗਰਗ ਕਲਮਦਾਨ, ਜਿਨ੍ਹਾ ਨੂੰ ਮੈਂ ਆਪਣਾ ਮਾਰਗ-ਦਰਸ਼ਕ ਮੰਨਦੀ ਹਾਂ, ਜੀ ਨੇ ਮੈਨੂੰ ਹੋਰ ਲਿਖਣ ਲਈ ਪ੍ਰੇਰਿਆ। ਉਹਨਾਂ ਦੇ ਕਹਿਣ 'ਤੇ ਮੈਂ ਆਪਣੇ ਵਿਚਾਰ ਸਾਵਣ ਦੀਆਂ ਤੀਆਂ ਨੂੰ ਆਧਾਰ ਬਣਾ ਕੇ ਇੱਕ ਨਿਬੰਧ ਰਾਹੀਂ ਪ੍ਰਗਟ ਕੀਤੇ। ਪਹਿਲਾ ਹੀ ਨਿਬੰਧ ਪੰਜਾਬੀ ਟ੍ਰਿਬਿਊਨ ਵਿੱਚ ਛਪ ਗਿਆ, ਜਿਸ ਨੇ ਮੇਰਾ ਹੌਂਸਲਾ ਹੋਰ ਵਧਾਇਆ। ਫੇਰ ਤਾਂ ਬਸ ਲੇਖਾਂ ਦੀ ਝੜੀ ਹੀ ਲੱਗ ਗਈ।"

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਨ ਵਾਲੀ ਨਿਰਮਲਾ ਗਰਗ ਦੱਸਦੀ ਹੈ ਕਿ ਪੰਜਾਬ ਵਿੱਚ ਵਧ ਰਹੀ ਨਸ਼ਿਆਂ ਦੀ ਭਰਮਾਰ, ਮਾਂਵਾਂ ਠੰਡੀਆਂ ਛਾਂਵਾਂ, ਭਰੂਣ-ਹੱਤਿਆ ਬਨਾਮ ਕੁੜੀ ਹੱਤਿਆ, ਧੀਆਂ ਬਿਨ ਨਾ ਰਹਿਣੀਆਂ ਤੀਆਂ, ਇੱਕ ਵੀਰ ਦੇਈਂ ਵੇ ਰੱਬਾ, ਫੋਕੇ ਵਹਿਮ ਆਦਿ ਬਹੁਤ ਸਾਰੇ ਨਿਬੰਧ ਵੱਖ-ਵੱਖ ਅਖਬਾਰਾਂ-ਮੈਗਜੀਨਾਂ ਵਿੱਚ ਛਪ ਚੁੱਕੇ ਹਨ, ਪਰ ਉਸ ਦੀ ਸੰਤੁਸ਼ਟੀ ਤਾਂ ਪਿਤਾ ਜੀ ਦੇ ਨਕਸ਼ੇ-ਕਦਮਾਂ ਤੇ ਚੱਲ ਕੇ ਹੀ ਹੋਣੀ ਸੀ, ਜਿਸ ਕਰਕੇ ਉਸ ਨੇ ਆਪਣੀ ਕਲਮ ਦਾ ਮੂੰਹ ਕਵਿਤਾਵਾਂ ਤੇ ਗੀਤਾਂ ਵੱਲ ਮੋੜ ਲਿਆ। ਫਿਰ ਉਸ ਨੇ ਸੌ ਦੇ ਕਰੀਬ ਕਵਿਤਾਵਾਂ ਤੇ ਗੀਤ ਲਿਖੇ। ਆਪਣੇ ਗੀਤਾਂ ਰਾਹੀਂ ਕੁੜੀਆਂ-ਚਿੜੀਆਂ ਤੇ ਭੈਣਾਂ ਦੀ ਗੱਲ ਕਰਦਿਆਂ ਉਸ ਦੇ ਮਨ ਨੂੰ ਇਕ ਅੱਡਰਾ ਜਿਹਾ ਸਕੂਨ ਤੇ ਖੁਸ਼ੀ ਮਿੱਲਦੀ ਹੈ। ਗੱਲਬਾਤ ਦੌਰਾਨ ਨਿਰਮਲਾ ਨੇ ਕਿਹਾ, "ਮੈਂ ਕਈ ਸਾਹਿਤ ਸਭਾਵਾਂ ਵਿੱਚ ਜਾਣ ਲੱਗ ਪਈ। ਮਾਣ-ਸਤਿਕਾਰ ਮਿਲਣ ਲੱਗ ਪਿਆ, ਹੌਂਸਲਾ ਵਧਿਆ ਤੇ ਕਲਮ ਹੋਰ ਵੀ ਨਿਖਰ ਕੇ ਸਾਹਮਣੇ ਆਈ। ਸਾਹਿਤਕ ਸਫਰ ਤੇ ਚੱਲਦਿਆਂ ਪੰਜਾਬ ਤੋਂ ਬਾਹਰ ਵੀ ਕਲਕੱਤਾ, ਦਾਰਜ਼ੀਲਿੰਗ, ਸ਼ਿਲੌਂਗ. . .ਪੰਜਾਬ ਵਿਚ ਲੁਧਿਆਣਾ, ਰੋਪੜ ਅਤੇ ਬਰਨਾਲਾ ਆਦਿ ਸਾਹਿਤਕ ਪ੍ਰੋਗਰਾਮਾਂ ਵਿਚ ਜਾਣ ਦਾ ਮੌਕਾ ਮਿਲਿਆ। ਅਨੇਕਾਂ ਥਾਵਾਂ ਤੋਂ ਮਾਨ-ਸਨਮਾਨ ਮਿਲੇ। ਅਦਬੀ ਸਾਂਝ ਗਰੁੱਪ ਬਰਨਾਲਾ ਵੱਲੋਂ ਇੱਕ ਪ੍ਰੋਗਰਾਮ ਵਿੱਚ ਮੈਨੂੰ ਬਤੌਰ ਮੁੱਖ ਮਹਿਮਾਨ ਬੁਲਾਇਆ ਗਿਆ। ਉਥੇ ਕਈ ਲੇਖਕਾਂ ਦੀਆਂ ਕਿਤਾਬਾਂ ਵੀ ਰੀਲੀਜ ਕੀਤੀਆਂ। ਸਨਮਾਨ ਚਿੰਨ ਤੇ ਸ਼ਾਲ ਦੇਕੇ ਮੈਨੂੰ ਸਨਮਾਨਿਤ ਵੀ ਕੀਤਾ।" ਇਕ ਸਵਾਲ ਦਾ ਜੁਵਾਬ ਦਿੰਦਿਆਂ ਗਰਗ ਨੇ ਕਿਹਾ, "ਮੈਂ ਇੱਕ ਕਿਤਾਬ ਵੀ ਲਿਖੀ ਜੋ ਕਿ ਮੈਂ ਆਪਣੇ ਪਿਤਾ ਜੀ ਦੀ ਜੀਵਨੀ ਤੇ ਕਵੀਸ਼ਰੀ ਨੂੰ ਸਮਰਪਿਤ ਕੀਤੀ। ਕਿਤਾਬ ਦੀ ਘੁੰਡ ਚੁਕਾਈ ਵੀ ਧੂਰੀ ਪੰਜਾਬੀ ਸਾਹਿਤ ਸਭਾ ਵਿੱਚਬੜੇ ਹੀ ਅਦਬ ਤੇ ਸਤਿਕਾਰ ਨਾਲ ਕੀਤੀ ਗਈ। ਸਤਿਕਾਰਯੋਗ ਪਵਨ ਹਰਚੰਦਪੁਰੀ, ਗੁਲਜਾਰ ਸਿੰਘ ਸ਼ੌਂਕੀ ਜੀ ਅਤੇ ਹੋਰ ਵੀ ਬਹੁਤ ਸਾਰੇ ਸਾਹਿਤਕਾਰਾਂ ਨੂੰ ਮਿਲਣ ਦਾ ਮੌਕਾ ਮਿਲਿਆ। ਪੰਜਾਬੀ ਸਾਹਿਤ ਸਭਾ ਪਟਿਆਲਾ ਵਿਖੇ ਵੀ ਮੇਰੀ ਕਿਤਾਬ ਨੂੰ ਬਹੁਤ ਮਾਣ-ਸਨਮਾਨ ਮਿਲਿਆ। ਅਕਾਸ਼ਵਾਣੀ ਪਟਿਆਲਾ ਤੇ ਵੀ ਮੈਂ ਤਿੰਨ ਵਾਰ ਜਾ ਚੁੱਕੀ ਹਾਂ ਤੇ ਆਪਣੇ ਗਰੁੱਪ ਨਾਲ ਪ੍ਰੋਗਰਾਮ ਦੇ ਚੁੱਕੀ ਹਾਂ।" . . . ਪਟਿਆਲਾ ਸ਼ਹਿਰ ਦੀਆਂ ਪੰਜਾਬੀ ਸਾਹਿਤ ਸਭਾ, ਗਿਆਨਦੀਪ ਸਾਧਨਾ ਮੰਚ, ਸਾਹਿਤਯ ਕਲਸ਼ ਪਟਿਆਲਾ, ਹਿੰਦੀ ਭਾਸ਼ਾ ਸੰਮੇਲਨ, ਮਹਿਲਾ ਕਾਵਿਆ ਮੰਚ ਅਤੇ ਅਗਰਵਾਲ ਸਭਾਪਟਿਆਲਾ ਆਦਿ ਸੰਸਥਾਵਾਂ ਵਿਚ ਵਿਚਰ ਰਹੀ ਨਿਰਮਲਾ ਗਰਗ ਤ੍ਰਿਵੇਣੀ ਸਾਹਿਤ ਪ੍ਰੀਸ਼ਦ ਦੀ ਸੀਨੀਅਰ ਮੀਤ ਪ੍ਰਧਾਨ ਹੈ। ਨਿਰਮਲਾ ਲਿਖਣ ਦੇ ਨਾਲ-ਨਾਲ ਗਾਉਂਣ ਦਾ ਵੀ ਸ਼ੌਕ ਰੱਖਦੀ ਹੈ। ਉਸ ਨੇ ਇੱਕ ਪੰਜਾਬੀ ਗੀਤ ਆਪ ਲਿਖ ਕੇ ਆਪਣੀ ਅਵਾਜ਼ ਵਿੱਚ ਰਿਕਾਰਡ ਕਰਵਾਇਆ ਹੈ। ਜਿਸਨੂੰ ਕਿ ਇਸੇ ਸਾਲ ਜਨਵਰੀ, 2020 ਵਿੱਚ ਨਾਮੀ ਕੰਪਨੀ ਨੇ ਰੀਲੀਜ਼ ਕੀਤਾ ਹੈ। ਇਕ ਹੋਰ ਸਵਾਲ ਦਾ ਉਤਰ ਦਿੰਦਿਆਂ ਨਿਰਮਲਾ ਗਰਗ ਨੇ ਕਿਹਾ, "ਬਹੁਤ ਹੀ ਸਤਿਕਾਰਤ ਰੂਹਾਂ, ਜਿਨਾਂ ਦੀ ਬਦੌਲਤ ਮੈਂ ਆਪਣਾ ਸਾਹਿਤਕ ਸਫਰ ਸ਼ੁਰੂ ਕੀਤਾ, ਜਿਨ੍ਹਾ ਨੇ ਮੇਰਾ ਹੱਥ ਫੜ ਕੇ ਮੈਨੂੰ ਅੱਗੇ ਵਧਾਇਆ, ਉਨ੍ਹਾਂ ਵਿਚ ਮੇਰੇ ਜੀਜਾ ਜੀ ਅਮਰ ਗਰਗ ਕਲਮਦਾਨ, ਤ੍ਰੀਵੇਣੀ ਸਾਹਿਤ ਪ੍ਰੀਸ਼ਦ ਦੇ ਸਾਬਕਾ ਪ੍ਰਧਾਨ ਹਰੀ ਸਿੰਘ ਚਮਕ ਅਤੇ ਪੰਜਾਬੀ ਸਾਹਿਤ ਸਭਾ ਪਟਿਆਲਾ ਦੇ ਪ੍ਰਧਾਨ ਸ੍ਰ. ਦਰਸ਼ਨ ਸਿੰਘ ਆਸ਼ਟ ਜੀ ਵਿਸ਼ੇਸ਼ ਹਨ। ਮੈਂ ਹਮੇਸ਼ਾ ਇਹਨਾਂ ਦੀ ਰਿਣੀ ਰਹਾਂਗੀ। ਮੇਰੇ ਪਰਿਵਾਰ ਨੇ ਵੀ ਅੱਗੇ ਵਧਣ 'ਚ ਮੇਰੀ ਬਹੁਤ ਸਹਾਇਤਾ ਕੀਤੀ।"

ਆਪਣੇ ਪਿਤਾ ਜੀ ਦੇ ਨਕਸ਼ੇ-ਕਦਮਾਂ 'ਤੇ ਚੱਲਦਿਆਂ ਮਾਂ-ਬੋਲੀ ਪੰਜਾਬੀ ਦੀ ਸੇਵਾ ਕਰ ਰਹੀ ਨਿਰਮਲਾ ਗਰਗ ਨੂੰ ਪ੍ਰਮਾਤਮਾਂ ਹੋਰ ਵੀ ਚੰਗੇ-ਤੋਂ-ਚੰਗਾ ਲਿਖਣ ਤੇ ਆਪਣੇ ਸੁਪਨੇ ਸਾਕਾਰ ਕਰਨ ਦਾ ਬਲ ਬਖਸ਼ੇ !



# ਵਾਹ ! ਓਏ ਕਰੋਨਾ

ਮਹਿੰਦਰ ਸਿੰਘ ਦਾ ਘਰ ਪਿੰਡੋਂ ਬਾਹਰ ਖੇਤਾਂ ਵਿੱਚ ਪਾਇਆ ਹੋਇਆ ਹੈ। ਉਸਦੇ ਪਿੰਡ ਤੋਂ ਸ਼ਹਿਰ ਦਾ ਰਾਸਤਾ 5 ਕੁ ਕਿਲੋਮੀਟਰ ਹੈ। ਮਹਿੰਦਰ ਦੇ ਪਰਿਵਾਰ ਵਿਚ ਉਸਦੀ ਪਤਨੀ ਵੀਰੀ ਤੇ ਉਸਦੇ ਦੋ ਮੁੰਡੇ ਪਾਲਾ ਤੇ ਲੱਖਾ ਸਨ। ਪ੍ਰੰਤੂ ਥੋੜ੍ਹਾ ਸਮਾਂ ਪਹਿਲਾਂ ਉਸਦੀ ਪਤਨੀ ਦੀ ਇਕ ਬਿਮਾਰੀ ਕਰਕੇ ਮੌਤ ਹੋ ਗਈ ਸੀ। ਉਸਨੇ ਆਪਣੇ ਪੁੱਤਰਾਂ ਨੂੰ ਚੰਗੇ ਸਕੂਲ ਚ ਪੜ੍ਹਾਇਆ ਤੇ ਨੌਕਰੀ ਦੇ ਕਾਬਿਲ ਬਣਾਇਆ। ਆਖਿਰਕਾਰ ਉਸਦੇ ਪੁੱਤਰਾਂ ਨੂੰ ਨੌਕਰੀ ਵੀ ਮਿਲ ਗਈ। ਘਰ ਵਿਚ ਦੋ ਮੁੰਡੇ ਹੋਣ ਕਰਕੇ ਮਹਿੰਦਰ ਨੂੰ ਘਰ ਵਿਚ ਧੀ ਦੀ ਕਮੀ ਹਰ ਪਲ ਮਹਿਸੂਸ ਹੁੰਦੀ ਰਹਿੰਦੀ । ਇਸ ਕਮੀ ਨੂੰ ਪੂਰਾ ਕਰਨ ਲਈ ਉਸਨੇ ਆਪਣੇ ਵੱਡੇ ਮੁੰਡੇ ਪਾਲੇ ਦਾ ਵਿਆਹ ਕਰ ਦਿੱਤਾ। ਘਰ ਵਿਆਹ ਕੇ ਆਈ ਕੁੜੀ ਵੀ ਵਧੀਆ ਪੜ੍ਹੀ ਲਿਖੀ ਸੀ। ਮਹਿੰਦਰ ਉਸਨੂੰ ਹਮੇਸ਼ਾਂ ਆਪਣੀ ਧੀ ਬਣਾ ਕੇ ਹੀ ਰੱਖਦਾ । ਪੂਰਾ ਪਰਿਵਾਰ ਖੁਸ਼ੀ ਖੁਸ਼ੀ ਰਹਿ ਰਿਹਾ ਸੀ। ਅਗਲੇ ਸਾਲ ਮਹਿੰਦਰ ਨੇ ਲੱਖੇ ਦਾ ਵੀ ਵਿਆਹ ਕਰ ਦਿੱਤਾ। ਜਿਉਂ ਜਿਉਂ ਸਮਾਂ ਬੀਤਦਾ ਗਿਆ ਪਰਿਵਾਰ ਚ ਨੇੜਤਾ ਘੱਟ ਰਹੀ ਸੀ। ਇਸ ਗੱਲ ਦਾ ਮਹਿੰਦਰ ਨੂੰ ਬਹੁਤ ਦੁੱਖ ਹੋ ਰਿਹਾ ਸੀ ।ਉਸਦੇ ਬੱਚੇ ਉਸ ਕੋਲ ਆਪਣੇ ਮਤਲਬ ਤੱਕ ਹੀ ਬੈਠਦੇ। ਉਸਦੀ ਦਵਾਈ ਤੇ ਰੋਟੀ ਦੀ ਕਿਸੇ ਨੂੰ ਕੋਈ ਫ਼ਿਕਰ ਨਹੀਂ ਸੀ।ਇਹੋ ਚਿੰਤਾ ਉਸਨੂੰ ਅੰਦਰੋਂ ਅੰਦਰੀ ਘੁਣ ਵਾਂਗ ਖਾ ਰਹੀ ਸੀ। ਉਹ ਕਈ ਵਾਰ ਵੀਰੀ ਨੂੰ ਯਾਦ ਕਰਕੇ ਅੱਖਾਂ ਭਰ ਲੈਂਦਾ ਅਤੇ ਗੱਲਾਂ ਕਰਦੇ ਕਰਦੇ ਉਸਨੂੰ ਆਪਣੇ ਕੋਲ ਹੀ ਬੁਲਾਉਣ ਦੀਆਂ ਗੱਲਾਂ ਕਰਦਾ ਰਹਿੰਦਾ।ਆਖਿਰਕਾਰ ਕੁਦਰਤ ਨੇ ਇਕ ਅਜਿਹਾ ਪਾਸਾ ਸੁੱਟਿਆ ਜੋ ਕਿ ਮਹਿੰਦਰ ਦੇ ਪੱਖ ਵਿਚ ਆਇਆ।ਇਹ ਪਾਸਾ ਕੋਈ ਹੋਰ ਨਹੀਂ ਇਹ ਸੀ ਕਰੋਨਾ ਵਾਇਰਸ ਕਰਕੇ ਪੰਜਾਬ ਦਾ ਬੰਦ ਹੋਣਾ।ਹੁਣ ਜਦੋਂ ਸਾਰੇ ਕੰਮ ਬੰਦ ਹੋ ਗਏ ਸਨ ਤਾਂ ਹਰੇਕ ਵਿਅਕਤੀ ਨੂੰ ਘਰ ਚ ਰਹਿਣਾ ਪੈ ਰਿਹਾ ਸੀ।ਹੁਣ ਉਸਦੇ ਦੋਵੇਂ ਪੁੱਤਰਾਂ ਨੂੰ ਵੀ ਘਰ ਵਿਚ ਰਹਿਣਾ ਪੈ ਰਿਹਾ ਸੀ। ਪਹਿਲੇ ਹਫ਼ਤੇ ਤਾਂ ਓਹਨਾਂ ਦਾ ਓਹੀਓ ਪਹਿਲਾਂ ਵਾਲਾ ਵਰਤਾਰਾ ਬਣਿਆ ਰਿਹਾ। ਉਹ ਥੋੜ੍ਹਾ ਸਮਾਂ ਹੀ ਆਪਣੇ ਪਿਤਾ ਕੋਲ ਆਉਂਦੇ ਤੇ ਵਾਪਿਸ ਆਪਣੇ ਕਮਰਿਆਂ ਚ ਚਲੇ ਜਾਂਦੇ। ਪ੍ਰੰਤੂ ਪੰਜਾਬ ਬੰਦ ਦਾ ਸਮੇਂ ਹੋਰ ਵਧਣ ਕਾਰਨ ਇਹ ਦੋਵੇਂ ਆਪਣੇ ਕਮਰਿਆਂ ਚੋਂ ਬਾਹਰ ਨਿਕਲ ਆਏ। ਹੁਣ ਉਹ ਆਪਣੀਆਂ ਪਤਨੀਆਂ ਨਾਲ ਦੋਵੇਂ ਭਰਾ ਮਿਲ ਕੇ ਮਹਿੰਦਰ ਕੋਲ ਬੈਠਣ ਲੱਗੇ। ਸਾਰਾ ਦਿਨ ਓਹਨਾਂ ਦਾ ਗੱਲਾਂ ਕਰਦੇ ਹੱਸਦੇ ਖੇਡਦੇ ਬਤੀਤ ਹੋਣ ਲੱਗਾ।ਆਪਣੇ ਪੁੱਤਰਾਂ ਤੇ ਨੂੰਹਾਂ ਦੇ ਇਸ ਪਿਆਰ ਨੇ ਉਸਨੂੰ ਆਪਣੇ ਸਾਰੇ ਪਿਛਲੇ ਦੁੱਖ ਭੁਲਾ ਦਿੱਤੇ।ਉਂਝ ਜੇਕਰ ਦੇਖਿਆ ਜਾਵੇ ਤਾਂ ਕਰੋਨਾ ਵਾਇਰਸ ਇਕ ਅਜਿਹੀ ਬਿਮਾਰੀ ਹੈ ਜਿਸਨੂੰ ਹੁਣ ਮਹਾਂਮਾਰੀ ਵੀ ਘੋਸ਼ਿਤ ਕਰ ਦਿੱਤਾ ਗਿਆ ਹੈ। ਜਿਸਨੇ ਪੂਰੀ ਦੁਨੀਆ ਅੰਦਰ ਆਪਣੀ ਤਬਾਹੀ ਮਚਾਉਦਿਆਂ ਅਨੇਕਾਂ ਪਰਿਵਾਰਾਂ ਕੋਲੋਂ ਓਹਨਾਂ ਦੇ ਮੈਂਬਰ ਖੋਹ ਲਏ ਹਨ। ਪ੍ਰੰਤੂ ਜੇਕਰ ਅਸੀਂ ਮਹਿੰਦਰ ਸਿੰਘ ਦੀ ਗੱਲ ਕਰੀਏ ਤਾਂ ਉਸਨੂੰ ਇਸ ਬਿਮਾਰੀ ਕਰਕੇ ਉਸਦਾ ਪਰਿਵਾਰ ਵਾਪਿਸ ਮਿਲ ਗਿਆ ਹੈ। ਮਹਿੰਦਰ ਸਿੰਘ ਆਪਣੇ ਪਰਿਵਾਰ ਵਿਚ ਵਿਚਰਦਿਆਂ ਆਪਣੇ ਮਨ ਚ ਇਹੋ ਗੱਲ ਕਹਿ ਰਿਹਾ ਸੀ ਕਿ 'ਵਾਹ ਓਏ ਕਰੋਨਿਆ' ਭਾਵੇਂ ਹੈ ਤਾਂ ਤੂੰ ਇਕ ਭਿਆਨਕ ਮਹਾਂਮਾਰੀ ਪਰ ਤੇਰੇ ਆਉਣ ਨਾਲ ਮੈਨੂੰ ਮੇਰਾ ਪਰਿਵਾਰ ਮਿਲ ਗਿਆ।

**ਸਤਗੁਰ ਸਿੰਘ ਬਹਾਦਰਪੁਰ**
+919855409825

ਭਾਰਤ ਦੇ ਸਿਰ ਦਾ ਤਾਜ ਕਹੀ ਜਾਂਦੀ ਕਸ਼ਮੀਰ ਵਾਦੀ ਦੇ ਹਲਾਤ ਮੌਜੂਦਾ ਸਮੇਂ ਅੰਦਰ ਬੜੀ ਤੇਜ਼ੀ ਨਾਲ ਤਬਦੀਲ ਹੋ ਰਹੇ ਹਨ ਅਤੇ ਪਿਛਲੇ ਕੁੱਝ ਸਮੇਂ ਤੋਂ ਸਮੁੱਚੀ ਵਾਦੀ-ਏ-ਕਸ਼ਮੀਰ ਅੰਦਰ ਮੁੜ ਅਮਨ ਤੇ ਸ਼ਾਂਤੀ ਵਾਲਾ ਮਾਹੌਲ ਕਾਇਮ ਹੁੰਦਾ ਹੋਇਆ ਨਜ਼ਰ ਆ ਰਿਹਾ ਹੈ ।ਪਰ ਇਸਦੇ ਬਾਵਜੂਦ ਕੇਂਦਰੀ ਸੁਰੱਖਿਆ ਫੋਰਸਾਂ ਦੀ ਛਾਂਅ ਹੇਠ ਆਪਣੀ ਜ਼ਿੰਦਗੀ ਜਿਉਂ ਰਹੇ ਕਸ਼ਮੀਰੀ ਸਿੱਖਾਂ ਦੇ ਮਨਾਂ ਅੰਦਰ ਅੱਜ ਵੀ ਦਹਿਸ਼ਤਗਰਦੀ ਵਾਲਾ ਪੁਰਾਣਾ ਖੌਫ ਪੂਰੀ ਤਰ੍ਹਾਂ ਬਰਕਰਾਰ ਹੈ ਅਤੇ ਉਹ ਆਪਣੇ ਭਵਿੱਖ ਬਾਰੇ ਹਮੇਸ਼ਾ ਚਿੰਤਤ ਦਿਖਾਈ ਦਿੰਦੇ ਹਨ । ਇਸੇ ਮੁੱਦੇ ਸਬੰਧੀ ਜੰਮੂ ਕਸ਼ਮੀਰ ਵਿੱਚ ਵੱਸਦੇ ਸਿੱਖਾਂ ਦੇ ਹੱਕਾਂ ਦੀ ਹਮੇਸ਼ਾ ਰਾਖੀ ਕਰਨ ਤੇ ਆਪਣੀ ਜੁਝਾਰੂ ਅਵਾਜ਼ ਬੁਲੰਦ ਕਰਦੇ ਆਏ ਪ੍ਰਮੁੱਖ ਸਿੱਖ ਆਗੂ ਨਰਿੰਦਰ ਪਾਲ ਸਿੰਘ ਖਾਲਸਾ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਨੇ ਕਿਹਾ ਕਿ ਕਸ਼ਮੀਰ ਵਾਦੀ 'ਚ ਵੱਸਦੇ 65 ਹਜ਼ਾਰ ਦੇ ਕਰੀਬ ਕਸ਼ਮੀਰੀ ਸਿੱਖ ਅਜ਼ਾਦੀ ਤੋਂ ਬਾਅਦ ਹੁਣ ਤੱਕ ਸਰਕਾਰੀ
















**ਕਸ਼ਮੀਰੀ ਸਿੱਖਾਂ ਦੇ ਮਨਾਂ ਅੰਦਰ ਅੱਜ ਵੀ ਦਹਿਸ਼ਤਗਰਦੀ ਦਾ ਖੌਫ ਪੂਰੀ ਤਰ੍ਹਾਂ ਬਰਕਰਾਰ ਹੈ , ਕਿਉਂਕਿ ਸੂਬੇ ਦੀਆਂ ਸਰਕਾਰਾਂ ਨੇ ਕਸ਼ਮੀਰੀ ਸਿੱਖਾਂ ਨੂੰ ਹਮੇਸ਼ਾ ਢਾਲ ਦੇ ਤੌਰ ਤੇ ਵਰਤਿਆ ਹੈ।ਮੌਜੂਦਾ ਸਮੇਂ ਜੰਮੂ-ਕਸ਼ਮੀਰ ਵਿੱਚ ਰਾਜਨੀਤਿਕ ਤੇ ਸਮਾਜਿਕ ਹਾਲਾਤ ਬਦਲ ਰਹੇ ਹਨ।ਪਰ ਫਿਰ ਵੀ ਸਿੱਖਾਂ ਦੇ ਮਨਾਂ ਵਿੱਚ ਸਰਕਾਰਾਂ ਸੁਰੱਖਿਆ ਦੀ ਭਾਵਨਾ ਪੈਦਾ ਨਹੀਂ ਕਰ ਸਕੀਆਂ ।ਉਨ੍ਹਾਂ ਨੂੰ ਸੂਬੇ ਵਿੱਚ ਘੱਟ ਗਿਣਤੀਆਂ ਦੇ ਬਣਾਏ ਹੱਕਾਂ ਤੋਂ ਵੀ ਮਹਿਰੂਮ ਰੱਖਿਆ ਜਾ ਰਿਹਾ ਹੈ ।ਜੰਮੂ ਕਸ਼ਮੀਰ ਦੇ ਮੌਜੂਦਾ ਹਾਲਾਤਾਂ ਅਤੇ ਉਥੇ ਵੱਸਦੇ ਸਿੱਖ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ ਸਬੰਧੀ ਪੇਸ਼ ਹੈ ਆਰ.ਐਸ.ਖਾਲਸਾ ਦੀ ਵਿਸ਼ੇਸ਼ ਰਿਪੋਰਟ**

# ਖੌਫ ਦੇ ਸਾਏ ਹੇਠ ਅਣਖ ਭਰੀ ਜ਼ਿੰਦਗੀ ਜਿਉ ਰਹੇ ਕਸ਼ਮੀਰੀ ਸਿੱਖਾਂ ਦੀ ਦਾਸਤਾਨ

ਤੇ ਗੈਰ ਸਰਕਾਰ ਏਜੰਸੀਆਂ ਦਰਮਿਆਨ ਚੱਲ ਰਹੀ ਆਪਸੀ ਕਸ਼ਮਾਕਸ਼ ਦਾ ਸ਼ਿਕਾਰ ਹੁੰਦੇ ਆਏ ਹਨ, ਬੇਸ਼ੱਕ ਪਿਛਲੇ ਅਰਸੇ ਦੌਰਾਨ ਦਹਿਸ਼ਤਗਰਦੀ ਦੇ ਮਹੌਲ ਕਾਰਨ ਵਾਦੀ ਵਿੱਚ ਰਹਿਣ ਵਾਲੇ 95 ਪ੍ਰਤੀਸ਼ਤ ਦੇ ਕਰੀਬ ਕਸ਼ਮੀਰੀ ਹਿੰਦੂ ਪਰਿਵਾਰ ਆਪਣਾ ਕਾਰੋਬਾਰ ਤੇ ਘਰ ਬਾਰ ਛੱਡ ਕੇ ਜੰਮੂ ਸਮੇਤ ਦੇਸ਼ ਦੇ ਦੂਜੇ ਵੱਖ-ਵੱਖ ਭਾਗਾਂ ਵਿੱਚ ਜਾ ਵੱਸੇ ਹਨ ।ਪਰ ਇਸਦੇ ਬਾਵਜੂਦ ਕਸ਼ਮੀਰ ਵਾਦੀ ਵਿੱਚ ਵੱਸਦੇ ਘੱਟ ਗਿਣਤੀ ਦੇ ਸਿੱਖ ਪਰਿਵਾਰਾਂ ਨੇ ਬੜੀ ਹਿੰਮਤ ਤੇ ਦਲੇਰੀ ਨਾਲ ਸਖਤ ਹਲਾਤਾਂ ਦਾ ਸਾਹਮਣਾ ਕਰਦੇ ਆ ਰਹੇ ਹਨ ।ਆਪਣੀ ਗੱਲਬਾਤ ਦੌਰਾਨ ਭਾਈ ਖਾਲਸਾ ਨੇ ਸਪੱਸ਼ਟ ਰੂਪ ਵਿੱਚ ਕਿਹਾ ਕਿ ਕਸ਼ਮੀਰ ਵਾਦੀ ਅੰਦਰ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੀਆਂ ਮੁਸਲਿਮ ਜੱਥੇਬੰਦੀਆਂ ਨੇ ਕਦੇ ਵੀ ਵਾਦੀ ਦੇ ਸਿੱਖਾਂ ਨੂੰ ਆਪਣਾ ਨਿਸ਼ਾਨਾ ਨਹੀਂ ਬਣਾਇਆ ।ਖਾਸ ਕਰਕੇ ਸੰਨ 2000 ਵਿੱਚ ਹੋਏ ਛੱਤੀ ਸਿੰਘਪੁਰਾ ਕਾਂਡ ਤੋਂ ਬਾਅਦ ਵੀ ਇਹਨਾਂ ਨੇ ਸਰਕਾਰੀ ਦਹਿਸ਼ਤਗਰਦੀ ਦਾ ਵਿਰੋਧ ਕਰ ਰਹੇ ਵਾਦੀ ਦੇ ਸਿੱਖਾਂ ਨਾਲ ਆਪਣੀ ਹਮਦਰਦੀ ਦਾ ਪ੍ਰਗਟਾਵਾ ਕੀਤਾ ।ਪਰ ਇਸਦੇ ਬਾਵਜੂਦ ਕਸ਼ਮੀਰ ਵਾਦੀ ਵਿੱਚ ਵੱਸਦੇ ਸਿੱਖਾਂ ਦੇ ਮੰਨਾਂ ਅੰਦਰ ਅੱਜ ਵੀ ਵਾਰ-ਵਾਰ ਉਜੜਨ ਦੀਆਂ ਚਿੰਤਾਵਾਂ ਉਹਨਾਂ ਦੇ ਚਿਹਰਿਆਂ ਦੇ ਉਤੇ ਸਾਫ ਝਲਕਦੀਆਂ ਹੋਈਆਂ ਨਜ਼ਰ ਆਉਂਦੀਆਂ ਹਨ 'ਤੇ ਉਹ ਹਮੇਸ਼ਾ ਹੀ ਆਪਣੇ ਭਵਿੱਖ ਬਾਰੇ ਚਿੰਤਤ ਰਹਿੰਦੇ ਹਨ । ਇਸ ਦੌਰਾਨ ਕਸ਼ਮੀਰੀ ਸਿੱਖ ਨੌਜਵਾਨ ਮਨਜੀਤ ਸਿੰਘ ਨੇ ਆਪਣੀ ਗੱਲਬਾਤ ਦੌਰਾਨ ਕਿਹਾ ਕਿ ਸਮੁੱਚੀ ਸਿੱਖ ਕੌਮ ਦੇ ਹਿੱਤਾਂ ਦੀ ਰਾਖੀ ਕਰਨ ਵਾਲੀ ਸੰਸਥਾ ਸ਼੍ਰੋਮਣੀ ਕਮੇਟੀ ਕਸ਼ਮੀਰੀ ਸਿੱਖਾਂ ਦੀ ਸਮੇਂ-ਸਮੇਂ ਤੇ ਸਾਰ ਲੈਂਦੀ ਆਈ ਹੈ ।ਉਨ੍ਹਾਂ ਕਿਹਾ ਕਿ ਬੇਸ਼ੱਕ ਅੱਜ ਸਮੇਂ ਦੀ ਸਰਕਾਰ ਦੇ ਯਤਨਾਂ ਸਦਕਾ ਕਸ਼ਮੀਰ ਵਾਦੀ ਦੇ ਹਲਾਤ ਬਦਲ ਗਏ ਹਨ ਪਰ ਅੱਜ ਵੀ ਵਾਦੀ ਦੇ ਸਿੱਖ ਆਪਣੇ ਆਪ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਮਹਿਸੂਸ ਨਹੀਂ ਕਰਦੇ ।ਇਸ ਦੌਰਾਨ ਪਰਮੀਤ ਸਿੰਘ ਨੇ ਕਿਹਾ ਕਿ ਕਸ਼ਮੀਰ ਅੰਦਰ ਸ਼ਾਂਤੀ ਦੀ ਬਹਾਲੀ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਵੱਖ-ਵੱਖ ਮਨੁੱਖੀ ਅਧਿਕਾਰ ਜੱਥੇਬੰਦੀਆਂ ਦੇ ਆਗੂਆਂ ਨੇ ਆਪਣੇ ਤੌਰ ਤੇ ਪੂਰੀ ਵਾਹ ਲਾਈ ਹੈ ।ਪਰ ਇਹ ਸਾਰਾ ਕਾਰਜ ਉਨ੍ਹੀ ਦੇਰ ਤੱਕ ਸਿਰੇ ਨਹੀਂ ਚੜ੍ਹ ਸਕਦਾ ਜਿੰਨੀ ਦੇਰ ਤੱਕ ਕਸ਼ਮੀਰ ਵਾਦੀ 'ਚ ਵੱਸਦੀਆਂ ਘੱਟ ਗਿਣਤੀ ਦੀਆਂ ਕੌਮਾਂ ਨਾਲ ਧੱਕੇ ਸ਼ਾਹੀ ਨਹੀਂ ਰੁਕਦੀ ।ਇਸੇ ਵਿਸ਼ੇ ਤੇ ਗੱਲਬਾਤ ਕਰਦਿਆਂ ਹੋਇਆਂ ਕਸ਼ਮੀਰ ਨਿਵਾਸੀ ਗੁਲਾਬ ਸਿੰਘ ਨੇ ਕਿਹਾ ਕਿ ਕਸ਼ਮੀਰੀ ਸਿੱਖਾਂ ਨੇ ਹਮੇਸ਼ਾ ਹੀ ਆਪਣੇ ਇਲਾਕੇ ਦੇ ਵਿਕਾਸ ਤੇ ਤਰੱਕੀ ਵਿੱਚ ਆਪਣਾ ਬਣਦਾ ਯੋਗਦਾਨ ਪਾਇਆ ਹੈ । ਪਰ ਬਹੁਤ ਅਫਸੋਸ ਦੀ ਗੱਲ ਹੈ ਕਿ ਸਮੇਂ ਦੀਆਂ ਸਰਕਾਰਾਂ ਨੇ ਕਸ਼ਮੀਰੀ ਸਿੱਖਾਂ ਨਾਲ ਹਮੇਸ਼ਾਂ ਹੀ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ । ਜਿਸ ਕਾਰਨ ਅੱਜ ਕਸ਼ਮੀਰੀ ਸਿੱਖ ਆਪਣੇ ਹੀ ਸੂਬੇ ਅੰਦਰ ਆਪਣੇ ਆਪ ਨੂੰ ਬੇਗਾਨਾ ਸਮਝਣ ਲਈ ਮਜ਼ਬੂਰ ਹੋ ਰਹੇ ਹਨ ।ਇਸ ਦੌਰਾਨ ਉਹਨਾਂ ਨੇ ਇਹ ਵੀ ਕਿਹਾ ਕਿ ਕਸ਼ਮੀਰ ਵੈਲੀ ਦੇ ਸਿੱਖ ਹਮੇਸ਼ਾਂ ਹੀ ਵੱਡੇ ਇਮਤਿਹਾਨ ਅੰਦਰੋਂ ਗੁਜ਼ਰਦੇ ਆਏ ਹਨ, ਪਰ ਉਹਨਾ ਨੇ ਹਮੇਸ਼ਾ ਹੀ ਹਰ ਵੱਡੇ ਇਮਤਿਹਾਨ ਦਾ ਡੱਟ ਕੇ ਮੁਕਾਬਲਾ ਕੀਤਾ ਹੈ ਤੇ ਆਪਣੀ ਸਰਦਾਰੀ ਕਾਇਮ ਰੱਖੀ ਹੈ । ਜਿਸ ਕਾਰਨ ਅੱਜ ਵੀ ਸਮੁੱਚੀ ਕਸ਼ਮੀਰ ਵਾਦੀ ਅੰਦਰ ਸਿੱਖੀ ਦਾ ਝੰਡਾ ਪੂਰੀ ਤਰ੍ਹਾਂ ਬੁਲੰਦ ਹੈ ।ਇਸੇ ਮੁੱਦੇ ਦੇ ਸਬੰਧ ਵਿੱਚ ਸ਼੍ਰੀਨਗਰ ਦੇ ਰਹਿਣ ਵਾਲੇ ਦਾਰਾ ਸਿੰਘ ਨੇ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਹੋਇਆਂ ਕਿਹਾ ਕਿ ਵਾਦੀ ਦੇ ਸਿੱਖਾਂ ਦੇ ਹੱਕਾਂ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਕਰਨ ਦੇ ਲਈ ਸਮੇਂ ਦੀਆਂ ਸਰਕਾਰਾਂ ਵੱਲੋਂ ਸਿੱਖਾਂ ਦੇ ਕਲਚਰ ਤੇ ਮਾਂ ਬੋਲੀ ਪੰਜਾਬੀ ਨੂੰ ਪੂਰੀ ਤਰ੍ਹਾਂ ਢਾਹ ਲਾਉਣ ਦੀ ਕੋਸ਼ਿਸ਼ਾਂ ਨਿਰੰਤਰ ਜਾਰੀ ਹਨ । ਜਿਸ ਕਾਰਨ ਵਾਦੀ ਦੇ ਸਿੱਖ ਆਪਣੇ ਆਪ ਅੰਦਰ ਬੇਗਾਨਗੀ ਦੀ ਭਾਵਨਾ ਮਹਿਸੂਸ ਕਰਦੇ ਹਨ ।ਉਹਨਾਂ ਕਿਹਾ ਕਿ ਜੇਕਰ ਕੇਂਦਰ ਤੇ ਰਾਜ ਸਰਕਾਰ ਕਸ਼ਮੀਰੀ ਸਿੱਖ ਨੌਜਵਾਨਾਂ ਨੂੰ ਸਾਰ ਲੈਣ ਪੂਰੀ ਤਰ੍ਹਾਂ ਸੁਹਿਰਦ ਹੈ ਤਾਂ ਉਸ ਨੂੰ ਆਪਣੀ ਸਿਆਸੀ ਸੋਚ ਬਦਲਣੀ ਪਵੇਗੀ, ਤੇ ਪਹਿਲ ਦੇ ਅਧਾਰ ਤੇ ਘੱਟ ਗਿਣਤੀ ਨਾਲ ਸੰਬੰਧਤ ਕਸ਼ਮੀਰੀ ਸਿੱਖਾਂ ਦੇ ਲਈ ਨੌਕਰੀਆਂ ਤੇ ਉਚ ਪੜ੍ਹਾਈ ਦੇ ਲਈ ਆਪਣੀਆਂ ਯੂਨੀਵਰਸਿਟੀਆਂ ਅੰਦਰ ਰਾਖਵੀਆਂ ਸੀਟਾਂ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਤਾਂ ਹੀ ਕਸ਼ਮੀਰ ਵੈਲੀ ਦੇ ਸਿੱਖ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨਗੇ ।ਇਸੇ ਮੁੱਦੇ ਤੇ ਗਿਆਨੀ ਰਜਿੰਦਰ ਸਿੰਘ ਨੇ ਆਪਣੀ ਗੱਲਬਾਤ ਦੌਰਾਨ ਕਿਹਾ ਕਿ ਸਮੁੱਚੀ ਕਸ਼ਮੀਰ ਵਾਦੀ ਦੇ ਸਿੱਖ ਪੂਰੀ ਤਰ੍ਹਾਂ ਅਮਨ ਪੰਸਦ ਸ਼ਹਿਰੀ ਹਨ ਅਤੇ ਉਹਨਾਂ ਨੇ ਹਮੇਸ਼ਾ ਹੀ ਸੂਬੇ ਨੂੰ ਆਰਥਿਕ ਪੱਖੋਂ ਖੁਸ਼ਹਾਲ ਕਰਨ ਵਿੱਚ ਆਪਣਾ ਬਣਦਾ ਯੋਗਦਾਨ ਪਾਇਆ ਹੈ ।ਪਰ ਬਹੁਤ ਅਫਸੋਸ ਦੀ ਗੱਲ ਹੈ ਕਿ ਜੰਮੂ ਕਸ਼ਮੀਰ ਦੀਆਂ ਸਰਕਾਰਾਂ ਨੇ ਕਦੇ ਵੀ ਕਸ਼ਮੀਰੀ ਸਿੱਖਾਂ ਦੇ ਜੀਵਨ ਪੱਧਰ ਨੂੰ ਉਪਰ ਚੁੱਕਣ ਅਤੇ ਉਹਨਾਂ ਨੂੰ ਆਰਥਿਕ ਪੱਖੋਂ ਵਿਸ਼ੇਸ਼ ਮਦਦ ਕਰਨ ਵਿੱਚ ਪੂਰੀ ਤਰ੍ਹਾਂ ਅਣਦੇਖੀ ਕੀਤੀ ਹੈ । ਜਿਸ ਕਾਰਨ ਅੱਜ ਸਮੁੱਚੀ ਕਸ਼ਮੀਰ ਵਾਦੀ ਦੇ ਸਿੱਖ ਨੌਜਵਾਨ ਵੱਡੀ ਗਿਣਤੀ ਵਿੱਚ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੇ ਹਨ ਜੋ ਕਿ ਕਸ਼ਮੀਰੀ ਸਿੱਖ ਨੌਜਵਾਨਾਂ ਦੇ ਨਾਲ ਇੱਕ ਬਹੁਤ ਵੱਡਾ ਮਜ਼ਾਕ ਹੈ ਕਿਉਂਕਿ ਜ਼ਿਆਦਾਤਰ ਸਰਕਾਰੀ ਨੌਕਰੀਆਂ ਬਹੁਗਿਣਤੀ ਨਾਲ ਸੰਬੰਧਤ ਲੋਕਾਂ ਨੂੰ ਹੀ ਮਿਲ ਰਹੀਆਂ ਹਨ । ਜਿਸ ਕਰਕੇ ਰਾਜ ਦੀਆਂ ਘੱਟ ਗਿਣਤੀ ਦੀਆਂ ਕੌਮਾਂ ਦੇ ਨੌਜਵਾਨਾਂ ਅੰਦਰ ਸਖਤ ਰੋਸ ਦੇਖਣ ਨੂੰ ਮਿਲ ਰਿਹਾ ਹੈ ।ਉਨ੍ਹਾਂ ਨੇ ਕਿਹਾ ਕਿ ਸਿੱਖਾਂ ਦੀ ਸਿਰਮੌਰ ਜੱਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਕਸ਼ਮੀਰ ਵਿੱਚ ਵੱਸਦੇ ਹੋਏ ਸਿੱਖਾਂ ਦੀ ਸਾਰ ਲੈਣ ਲਈ ਖੁੱਲ੍ਹ ਕੇ ਅੱਗੇ ਆਉਣਾ ਚਾਹੀਦਾ ਹੈ ਤਾਂ ਕਿ ਪਿਛਲੇ ਲੰਬੇ ਸਮੇਂ ਤੋਂ ਦਹਿਸ਼ਤਗਰਦੀ ਤੇ ਖੌਫ ਦੇ ਮਾਹੌਲ ਅੰਦਰ ਆਪਣਾ ਜੀਵਨ ਬਸਰ ਕਰ ਰਹੇ ਕਸ਼ਮੀਰੀ ਸਿੱਖਾਂ ਨੂੰ ਵੀ ਆਪਣੇ ਪਨ ਦਾ ਅਹਿਸਾਸ ਹੋ ਸਕੇ ।ਇਸ ਦੌਰਾਨ ਉਹਨਾਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੂੰ ਵੀ ਜ਼ੋਰਦਾਰ ਅਪੀਲ ਕਰਦਿਆਂ ਹੋਇਆਂ ਕਿਹਾ ਕਿ ਜੇਕਰ ਉਹ ਵਾਦੀ ਵਿੱਚ ਵੱਸਦੀ ਬਹੁਗਿਣਤੀ ਭਾਈਚਾਰੇ ਨਾਲ ਸੰਬੰਧਤ ਵੀਰਾਂ ਦੇ ਮਸਲਿਆਂ ਨੂੰ ਹੱਲ ਕਰਨ ਵਿੱਚ ਵਿਸ਼ੇਸ਼ ਰੁਚੀ ਦਿਖਾਉਂਦੇ ਹਨ ਤਾਂ ਉਹਨਾਂ ਨੂੰ ਵਾਦੀ ਦੀਆਂ ਘੱਟ ਗਿਣਤੀ ਦੀਆਂ ਕੌਮਾਂ ਖਾਸ ਕਰਕੇ ਵਾਦੀ ਦੇ ਸਿੱਖ ਨੂੰ ਹੀ ਆਪਣੇ ਗੱਲ ਨਾਲ ਲਗਾਉਣ ਲਈ ਖੁੱਲ ਕੇ ਅੱਗੇ ਆਉਣਾ ਚਾਹੀਦਾ ਹੈ ਤਾਂ ਕਿ ਪਿਛਲੇ ਲੰਬੇ ਅਰਸੇ ਤੋਂ ਦਹਿਸ਼ਤਗਰਦੀ ਦੀ ਹਨੇਰੀ ਦਾ ਸਾਹਮਣਾ ਕਰ ਰਹੇ ਵਾਦੀ ਦੇ ਸਿੱਖਾਂ ਨੂੰ ਵੀ ਰਾਹਤ ਪ੍ਰਾਪਤ ਹੋ ਸਕੇ ।

**ਆਰ.ਐਸ.ਖਾਲਸਾ**
**ਮੋਬਾ : 084372-00728**
**khalsaldh@gmail.com**







**ਸਰਕਾਰਾਂ ਨੇ ਕਦੀ ਵੀ ਕਸ਼ਮੀਰੀ ਸਿੱਖਾਂ ਦੀਆਂ ਕੁਰਬਾਨੀਆਂ ਦਾ ਮੁੱਲ ਨਹੀਂ ਪਾਇਆ - ਜਗਮੋਹਨ ਸਿੰਘ ਰੈਨਾ**

ਕਸ਼ਮੀਰ ਵਾਦੀ 'ਚ ਵੱਸਦੇ ਸਿੱਖਾਂ ਨੇ ਹਮੇਸ਼ਾ ਹੀ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਆਪਣਾ ਬਣਦਾ ਯੋਗਦਾਨ ਪਾਇਆ, ਖਾਸ ਕਰਕੇ 1947 ਤੇ ਬਾਅਦ ਵਿੱਚ ਭਾਰਤ-ਪਾਕਿ ਦਰਮਿਆਨ ਹੋਈਆਂ ਵੱਖ-ਵੱਖ ਜੰਗਾਂ ਅੰਦਰ ਦੁਸ਼ਮਣ ਦੇਸ਼ ਦੀਆਂ ਫੌਜਾਂ ਨੂੰ ਖੰਦੇੜਨ ਵਿੱਚ ਹਰ ਪੱਖੋਂ ਆਪਣੀ ਸਰਗਰਮ ਭੂਮਿਕਾ ਨਿਭਾਈ ।ਪਰ ਬਹੁਤ ਅਫਸੋਸ ਦੀ ਗੱਲ ਹੈ ਕਿ ਦੇਸ਼ ਦੇ ਤਾਜ ਵੱਜੋਂ ਜਾਣੇ ਜਾਂਦੇ ਕਸ਼ਮੀਰ ਨੂੰ ਬਚਾਉਣ ਦੇ ਲਈ ਵੱਡੀ ਪੱਧਰ ਤੇ ਕਸ਼ਮੀਰੀ ਸਿੱਖਾਂ ਵੱਲੋਂ ਕੀਤੀਆਂ ਗਈਆਂ ਕੁਰਬਾਨੀਆਂ ਦਾ ਕੇਂਦਰ ਤੇ ਰਾਜ ਸਰਕਾਰਾਂ ਨੇ ਕਦੇ ਵੀ ਯੋਗਮੁੱਲ ਨਹੀਂ ਪਾਇਆ ਸਗੋਂ ਹਮੇਸ਼ਾ ਹੀ ਕਸ਼ਮੀਰ ਵਾਦੀ ਦੇ ਸਿੱਖਾਂ ਦੇ ਹੱਕਾਂ ਨੂੰ ਅੱਖੋਂ ਪਰੋਖੇ ਕੀਤਾ ਹੈ ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪਿਛਲੇ ਦਿਨੀਂ ਆਪਣੀ ਕਸ਼ਮੀਰ ਫੇਰੀ ਦੌਰਾਨ ਲੇਖਕ ਨਾਲ ਉਚੇਚੇ ਤੌਰ ਤੇ ਗੱਲਬਾਤ ਕਰਦਿਆਂ ਆਲ ਪਾਰਟੀ ਸਿੱਖ ਕੋਆਰਡੀਨੇਸ਼ਨ ਕਮੇਟੀ ਜੰਮੂ ਕਸ਼ਮੀਰ ਦੇ ਚੇਅਰਮੈਨ ਜਗਮੋਹਨ ਸਿੰਘ ਰੈਨਾ ਨੇ ਕੀਤਾ ।ਸ. ਰੈਨਾ ਨੇ ਆਪਣੀ ਗੱਲਬਾਤ ਦੌਰਾਨ ਕਿਹਾ ਕਿ ਕਸ਼ਮੀਰ ਵਿੱਚ ਸਿੱਖਾਂ ਤੇ ਮੁਸਲਿਮ ਭਾਈਚਾਰੇ ਨਾਲ ਸੰਬੰਧਤ ਲੋਕਾਂ ਦੇ ਆਪਸੀ ਸੰਬੰਧ ਬਹੁਤ ਹੀ ਸੁਖਾਵੇਂ ਹਨ। ਪਰ ਕੁੱਝ ਕੱਟੜਪੰਥੀ ਤਾਕਤਾਂ ਤੇ ਸਰਕਾਰੀ ਏਜੰਸੀਆਂ ਨੂੰ ਸਾਡਾ ਆਪਸੀ ਪਿਆਰ ਤੇ ਏਕਤਾ ਰਾਸ ਨਹੀਂ ਆਉਂਦੀ ਤੇ ਉਹ ਕਿਸੇ ਨਾ ਕਿਸੇ ਤਰੀਕੇ ਸਾਨੂੰ ਹਿੰਦੂ ਪਰਿਵਾਰਾਂ ਵਾਂਗ ਕਸ਼ਮੀਰ ਵਾਦੀ ਛੱਡਣ ਦੀਆਂ ਕੋਝੀਆਂ ਸਾਜਸ਼ਾਂ ਖੇਡਦੇ ਰਹਿੰਦੇ ਹਨ ।ਪਰ ਇਸਦੇ ਬਾਵਜੂਦ ਕਸ਼ਮੀਰ ਵਾਦੀ ਦੇ ਸਿੱਖ ਕਿਸੇ ਵੀ ਕੀਮਤ ਤੇ ਆਪਣਾ ਘਰ ਬਾਰ ਛੱਡਣ ਨੂੰ ਤਿਆਰ ਨਹੀਂ ਹਨ ।ਉਨ੍ਹਾਂ ਨੇ ਰੋਸ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਕਿਹਾ ਕਿ ਕਸ਼ਮੀਰ ਵਾਦੀ ਵਿੱਚ ਅਮਨ ਸ਼ਾਂਤੀ ਨੂੰ ਬਹਾਲ ਰੱਖਣ ਵਿੱਚ ਕਸ਼ਮੀਰੀ ਸਿੱਖਾਂ ਨੇ ਆਪਣੀ ਬਣਦੀ ਭੂਮਿਕਾ ਨਿਭਾਈ ਹੈ ਪਰ ਇਸਦੇ ਬਾਵਜੂਦ ਕੇਂਦਰ ਸਰਕਾਰ ਤੇ ਜੰਮੂ ਕਸ਼ਮੀਰ ਦੀ ਸਰਕਾਰ ਨੇ ਕਦੇ ਵੀ ਕਸ਼ਮੀਰੀ ਸਿੱਖਾਂ ਦੀ ਬਾਂਹ ਨਹੀਂ ਫੜੀ ਤੇ ਨਾ ਹੀ ਉਨ੍ਹਾਂ ਨੂੰ ਵਾਦੀ ਵਿੱਚੋਂ ਹਿਜਰਤ ਕਰਕੇ ਹਿੰਦੂ ਪਰਿਵਾਰਾਂ ਦੀ ਤਰ੍ਹਾਂ ਕੋਈ ਵਿਸ਼ੇਸ਼ ਰਾਹਤ, ਮੁਆਵਜਾ ਨਹੀਂ ਦਿੱਤਾ ਅਤੇ ਨਾ ਹੀ ਪੜ੍ਹੇ ਲਿਖੇ ਸਿੱਖ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ ।ਜਿਸ ਕਾਰਨ ਅੱਜ ਕਸ਼ਮੀਰੀ ਸਿੱਖ ਨੌਜਵਾਨ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਲਈ ਦਰ-ਦਰ ਦੀਆਂ ਠੋਕਰਾਂ ਖਾ ਰਹੇ ਹਨ ।

(ਬਾਕੀ ਸਫਾ 21 'ਤੇ ਦੇਖੋ)



ਕਸ਼ਮੀਰੀ ਸਿੱਖ ਆਗੂ ਜਗਮੋਹਨ ਸਿੰਘ ਰੈਨਾ ਕਸ਼ਮੀਰੀ ਸਿੱਖਾਂ ਦੇ ਹਾਲਾਤਾਂ ਬਾਰੇ ਜਾਣਕਾਰੀ ਦਿੰਦੇ ਹੋਏ।



ਸ. ਰੈਨਾ ਨੇ ਕਿਹਾ ਕਿ ਦੇਸ਼ ਅੰਦਰ ਘੱਟ ਗਿਣਤੀ ਦੀਆਂ ਕੌਮਾਂ ਦੇ ਹੱਕਾਂ ਦੀ ਰਾਖੀ ਕਰਨ ਲਈ ਕੇਂਦਰ ਸਰਕਾਰ ਨੇ ਘੱਟ ਗਿਣਤੀ ਕਮਿਸ਼ਨ ਦੀ ਸਥਾਪਨਾ ਕੀਤੀ ਹੋਈ ਹੈ। ਪਰ ਜੰਮੂ ਕਸ਼ਮੀਰ ਨੂੰ ਉਕਤ ਕਮਿਸ਼ਨ ਦੇ ਘੇਰੇ ਤੋਂ ਮੁਕਤ ਰੱਖਿਆ ਹੋਇਆ ਹੈ। ਜਿਸ ਕਾਰਨ ਸਿੱਖਾਂ ਨੂੰ ਭਾਰੀ ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ ਵਿਸ਼ੇਸ਼ ਕਰਕੇ ਸਰਕਾਰੀ ਨੌਕਰੀਆਂ ਦੇਣ ਦੇ ਮਾਮਲੇ ਵਿੱਚ ਜਾਣ ਬੁੱਝ ਕੇ ਸਿੱਖ ਨੌਜਵਾਨਾਂ ਨੂੰ ਅਣਗੌਲਿਆ ਜਾ ਰਿਹਾ ਹੈ। ਜਿਸਦੇ ਰੋਸ ਵੱਜੋਂ ਉਹ ਆਪਣੇ ਸਾਥੀਆਂ ਸਮੇਤ ਪੂਰੇ ਪੁਖਤਾ ਸਬੂਤਾਂ ਦੇ ਨਾਲ ਜੰਮੂ ਕਸ਼ਮੀਰ ਦੇ ਪ੍ਰਮੁੱਖ ਅਧਿਕਾਰੀਆਂ ਨੂੰ ਵੀ ਮਿਲ ਚੁੱਕੇ ਹਨ। ਪਰ ਇਸਦੇ ਬਾਵਜੂਦ ਪਰਨਾਲਾ ਉਥੇ ਦਾ ਉਥੇ ਹੀ ਹੈ। ਕਸ਼ਮੀਰ ਮਾਮਲੇ ਦੇ ਹੱਲ ਸੰਬੰਧੀ ਇੱਕ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਹੋਇਆਂ ਉਨ੍ਹਾਂ ਨੇ ਕਿਹਾ ਕਿ ਕਸ਼ਮੀਰ ਦਾ ਮਸਲਾ ਕੋਈ ਬਹੁਤਾ ਪੇਚੀਦਾ ਨਹੀਂ ਹੈ ਪਰ ਆਪਣੀਆਂ ਸਿਆਸੀ ਰੋਟੀਆਂ ਸੇਕਣ ਵਾਲੇ ਰਾਜਸੀ ਲੀਡਰ ਤੇ ਸਮੇਂ ਦੀਆਂ ਸਰਕਾਰਾਂ ਕਸ਼ਮੀਰ ਵਾਦੀ ਦੇ ਲੋਕਾਂ ਨੂੰ ਆਪਣੇ ਨਿੱਜੀ ਸਵਾਰਥਾਂ ਲਈ ਵਰਤ ਰਹੀਆਂ ਹਨ। ਇਸ ਦੌਰਾਨ ਸ. ਰੈਨਾ ਨੇ ਪਿਛਲੇ ਅਰਸੇ ਦੌਰਾਨ ਪੰਜਾਬ ਅੰਦਰ ਬਣੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੇ ਉਪਰ ਰੋਸ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਕਿਹਾ ਕਿ ਸੱਤਾ ਦੇ ਵਿੱਚ ਆਉਣ ਦੇ ਬਾਵਜੂਦ ਸਿੱਖਾਂ ਦੀ ਸਿਰਮੌਰ ਪਾਰਟੀ ਨੇ ਸੱਚੇ ਦਿਲੋਂ ਕਸ਼ਮੀਰੀ ਸਿੱਖਾਂ ਦੀ ਬਾਂਹ ਨਹੀਂ ਫੜੀ। ਜਿਸ ਨੂੰ ਹਰ ਕਸ਼ਮੀਰੀ ਸਿੱਖ ਬੜੀ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ। ਆਪਣੀ ਗੱਲਬਾਤ ਦੌਰਾਨ ਸ. ਜਗਮੋਹਨ ਸਿੰਘ ਰੈਨਾ ਨੇ ਕਿਹਾ ਕਿ ਜੰਮੂ ਕਸ਼ਮੀਰ ਸਰਕਾਰ ਨੇ ਰਾਜ ਦੇ ਸਕੂਲਾਂ ਤੇ ਕਾਲਜਾਂ ਅੰਦਰ ਪੰਜਾਬੀ ਭਾਸ਼ਾ ਨੂੰ ਦੂਜੀ ਭਾਸ਼ਾ ਦਾ ਦਰਜਾ ਦਿੱਤਾ ਹੋਇਆ ਹੈ। ਪਰ ਜੰਮੂ ਕਸ਼ਮੀਰ ਯੂਨੀਵਰਸਿਟੀ ਅੰਦਰ ਪੰਜਾਬੀ ਭਾਸ਼ਾ ਨੂੰ ਮਾਨਤਾ ਨਹੀਂ ਦਿੱਤੀ ਗਈ ਜੋ ਕਿ ਸਿੱਧੇ ਰੂਪ ਵਿੱਚ ਕਸ਼ਮੀਰ ਵਿੱਚ ਰਹਿਣ ਵਾਲੇ ਸਿੱਖਾਂ ਨਾਲ ਧੱਕੇਸ਼ਾਹੀ ਹੈ। ਦੂਜੀ ਗੱਲ ਅਸੀਂ ਪੰਜਾਬ ਸਰਕਾਰ ਨੂੰ ਇਹ ਵੀ ਜ਼ੋਰਦਾਰ ਬੇਨਤੀ ਕੀਤੀ ਸੀ ਕਿ ਜਿਸ ਤਰ੍ਹਾਂ ਪੰਜਾਬ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਅੰਦਰ ਕਸ਼ਮੀਰ ਵਿੱਚੋਂ ਹਿਜਰਤ ਕਰ ਗਏ ਹਿੰਦੂ ਪਰਿਵਾਰਾਂ ਦੇ ਬੱਚਿਆਂ ਲਈ ਇੱਕ ਇੱਕ ਸੀਟ ਰਾਖਵੀਂ ਰੱਖੀ ਗਈ ਹੈ ਉਸੇ ਹੀ ਤਰਜ ਤੇ ਰਾਜ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਅੰਦਰ ਕਸ਼ਮੀਰੀ ਸਿੱਖਾਂ ਦੇ ਬੱਚਿਆਂ ਲਈ ਵੀ ਰਾਖਵੀਆਂ ਸੀਟਾਂ ਰੱਖੀਆਂ ਜਾਣ। ਦੂਜਾ ਜਿਸ ਤਰ੍ਹਾਂ ਜੰਮੂ ਕਸ਼ਮੀਰ ਦੀ ਸਰਕਾਰ ਵੱਲੋਂ ਪੰਜਾਬ ਦੇ ਤਿੰਨ ਸ਼ਹਿਰਾਂ ਅੰਦਰ ਕਸ਼ਮੀਰ ਤੋਂ ਆਏ ਲੋਕਾਂ ਲਈ ਉਚੇਚੇ ਤੌਰ ਤੇ ਕਸ਼ਮੀਰੀ ਹਾਊਸ ਬਣਾਏ ਗਏ ਹਨ। ਉਸੇ ਹੀ ਤਰਜ ਤੇ ਜੰਮੂ ਤੇ ਸ਼੍ਰੀਨਗਰ ਅੰਦਰ ਪੰਜਾਬ ਤੋਂ ਆਉਣ ਵਾਲੇ ਲੋਕਾਂ ਦੇ ਲਈ ਸਰਕਾਰੀ ਤੌਰ ਤੇ ਪੰਜਾਬ ਹਾਊਸਾਂ ਦਾ ਨਿਰਮਾਣ ਵੀ ਕੀਤਾ ਜਾਵੇ। ਜਿਸਦੇ ਪ੍ਰਤੀ ਉਸ ਵੇਲੇ ਦੇ ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਸਾਨੂੰ ਪੂਰਨ ਭਰੋਸਾ ਦਿੱਤਾ ਸੀ ਕਿ ਉਹ ਇਸ ਸੰਬੰਧੀ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਤੇ ਅਧਿਕਾਰੀਆਂ ਨਾਲ ਗੱਲਬਾਤ ਕਰਨਗੇ। ਪਰ ਅੱਜੇ ਤੱਕ ਉਸਦਾ ਕੁੱਝ ਵੀ ਸਿੱਟਾ ਨਹੀਂ ਨਿਕਲਿਆ। ਜੰਮੂ ਕਸ਼ਮੀਰ ਦੇ ਸਿੱਖਾਂ ਦੇ ਮਸਲਿਆਂ ਨੂੰ ਹੱਲ ਕਰਵਾਉਣ ਲਈ ਬਣਾਈ ਗਈ ਸਾਂਝੀ ਆਲ ਪਾਰਟੀ ਸਿੱਖ ਕੋਆਰਡੀਨੇਸ਼ਨ ਕਮੇਟੀ ਦੀ ਭੂਮਿਕਾ ਸੰਬੰਧੀ ਗੱਲ ਕਰਦਿਆਂ ਕਮੇਟੀ ਦੇ ਚੇਅਰਮੈਨ ਸ. ਜਗਮੋਹਨ ਸਿੰਘ ਰੈਨਾ ਨੇ ਕਿਹਾ ਕਿ ਇਸ ਕਮੇਟੀ ਦਾ ਮੁੱਖ ਮਨੋਰਥ ਸੌੜੀ ਸਿਆਸਤ ਤੋਂ ਉਪਰ ਉਠ ਕੇ ਕਸ਼ਮੀਰੀ ਸਿੱਖਾਂ ਦੀ ਸਰਕਾਰ ਤੱਕ ਆਵਾਜ਼ ਪਹੁੰਚਾਉਣੀ ਅਤੇ ਉਨ੍ਹਾਂ ਦੇ ਮਸਲਿਆਂ ਨੂੰ ਹੱਲ ਕਰਵਾਉਣਾ ਹੈ। ਇਸੇ ਮਿਸ਼ਨ ਦੀ ਪ੍ਰਾਪਤੀ ਲਈ ਅਸੀਂ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਜੰਮੂ ਕਸ਼ਮੀਰ ਦੇ ਗਵਰਨਰ ਨੂੰ ਵੀ ਮਿਲ ਚੁੱਕੇ ਹਾਂ ਤਾਂ ਕਿ ਕਸ਼ਮੀਰ ਵਾਦੀ ਦੇ ਸਿੱਖਾਂ ਨੂੰ ਵੀ ਇਨਸਾਫ ਦੀ ਪ੍ਰਾਪਤੀ ਹੋ ਸਕੇ

**ਕਸ਼ਮੀਰੀ ਸਿੱਖਾਂ ਦੀ ਸੱਚੇ ਦਿਲੋਂ ਹਮਦਰਦ ਬਣੀ ਸ਼੍ਰੋਮਣੀ ਕਮੇਟੀ**

ਪਿਛਲੇ ਲੰਬੇ ਸਮੇਂ ਤੋਂ ਦਹਿਸ਼ਤਗਰਦੀ ਵਾਲੇ ਮਾਹੌਲ ਵਿੱਚ ਆਪਣਾ ਜੀਵਨ ਬਸ਼ਰ ਕਰ ਰਹੇ ਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸ਼ਾਂਤਮਈ ਢੰਗ ਨਾਲ ਸੰਘਰਸ਼ ਕਰ ਰਹੇ ਕਸ਼ਮੀਰੀ ਸਿੱਖਾਂ ਦੀ ਸੱਚੇ ਦਿੱਲੋਂ ਹਰ ਤਰ੍ਹਾਂ ਦੀ ਮਦਦ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇੱਕ ਸੱਚੇ ਹਮਦਰਦ ਦੇ ਰੂਪ ਵੱਜੋਂ ਵਿਚਰੀ ਹੈ। ਜਿਸ ਨੇ ਹਰ ਔਖੇ ਸਮੇਂ ਕਸ਼ਮੀਰ ਵਾਦੀ ਵਿੱਚ ਵੱਸਦੇ ਹਜ਼ਾਰਾਂ ਸਿੱਖਾਂ ਦੀ ਬਾਂਹ ਫੜ ਕੇ ਆਪਣੀ ਸੁਹਿਰਦ ਸੋਚ ਦਾ ਪ੍ਰਗਟਾਵਾ ਕੀਤਾ ਹੈ। ਉਪਰੋਕਤ ਮੁੱਦੇ ਦੇ ਸਬੰਧ 'ਚ ਜਦੋਂ ਸ਼੍ਰੋਮਣੀ ਕਮੇਟੀ ਦੇ ਪ੍ਰਮੁੱਖ ਅਧਿਕਾਰੀਆਂ ਨਾਲ ਵਿਸ਼ੇਸ਼ ਤੌਰ ਤੇ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਸਪਸ਼ੱਟ ਰੂਪ ਵਿੱਚ ਕਿਹਾ ਕਿ ਕਸ਼ਮੀਰ ਵਾਦੀ ਅੰਦਰ ਵੱਸਦੇ ਸਿੱਖ ਸਮੁੱਚੇ ਪੰਥ ਦਾ ਇੱਕ ਅਹਿਮ ਅੰਗ ਹਨ। ਜਿੰਨਾਂ ਨੇ ਹਮੇਸ਼ਾ ਹੀ ਕਸ਼ਮੀਰ ਨੂੰ ਹਰ ਪੱਖੋਂ ਆਰਥਿਕ ਤੌਰ ਤੇ ਖੁਸ਼ਹਾਲ ਬਣਾਉਣ ਵਿੱਚ ਜਿੱਥੇ ਆਪਣਾ ਬਣਦਾ ਯੋਗਦਾਨ ਪਾਇਆ ਉਥੇ ਨਾਲ ਹੀ ਦਹਿਸ਼ਤਗਰਦੀ ਦੇ ਮਾਹੌਲ ਵਿੱਚ ਰਹਿ ਕੇ ਵੀ ਆਪਣੀ ਅਣਖ ਤੇ ਗੈਰਤ ਨੂੰ ਬਰਕਰਾਰ ਰੱਖਿਆ। ਪਰ ਅਫਸੋਸ ਦੀ ਗੱਲ ਹੈ ਕਿ ਜੰਮੂ ਕਸ਼ਮੀਰ ਦੀਆਂ ਸਰਕਾਰਾਂ ਨੇ ਹਮੇਸ਼ਾ ਹੀ ਆਪਣੇ ਰਾਜ ਵਿੱਚ ਵੱਸਦੀਆਂ ਘੱਟ ਗਿਣਤੀ ਦੀਆਂ ਕੌਮਾਂ ਖਾਸ ਕਰਕੇ ਕਸ਼ਮੀਰੀ ਸਿੱਖਾਂ ਦੇ ਹੱਕਾਂ ਨੂੰ ਵਿਸਾਰਿਆ ਹੈ। ਜਿਸਦਾ ਦਰਦ ਕਸ਼ਮੀਰ ਵਾਦੀ ਵਿੱਚ ਵੱਸਦੇ ਹਰ ਸਿੱਖ ਦੇ ਚਿਹਰੇ ਤੋਂ ਸਾਫ ਰੂਪ ਵਿੱਚ ਪੜ੍ਹਿਆ ਜਾ ਸਕਦਾ ਹੈ। ਆਪਣੀ ਗੱਲਬਾਤ ਦੌਰਾਨ ਉਨ੍ਹਾਂ ਨੇ ਕਿਹਾ ਕਿ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਵਾਲੀ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰ ਔਖੇ ਸਮੇਂ ਕਸ਼ਮੀਰੀ ਸਿੱਖਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੀ ਹੈ। ਮਾਮਲਾ ਚਾਹੇ ਕਸ਼ਮੀਰੀ ਸਿੱਖਾਂ ਦੀ ਜਾਨ - ਮਾਲ ਦੀ ਰਾਖੀ ਦਾ ਹੋਵੇ ਜਾਂ ਕਸ਼ਮੀਰੀ ਸਿੱਖ ਬੱਚਿਆਂ ਦੀ ਪੜ੍ਹਾਈ ਦਾ ਜਾਂ ਹੜ੍ਹਾ ਦੀ ਤਰਾਸਦੀ ਵੇਲੇ ਮਦੱਦ ਕਰਨ ਦਾ ਸ਼੍ਰੋਮਣੀ ਕਮੇਟੀ ਨੇ ਹਮੇਸ਼ਾ ਹੀ ਆਪਣੀ ਸਰਗਰਮ ਭੂਮਿਕਾ ਨਿਭਾਈ ਹੈ। ਉਹਨਾਂ ਨੇ ਜਾਣਕਾਰੀ ਦਿੰਦਿਆਂ ਹੋਇਆਂ ਕਿਹਾ ਕਿ ਕਸ਼ਮੀਰ ਵਾਦੀ ਵਿੱਚ ਵੱਸਦੇ ਸਿੱਖ ਭਾਈਚਾਰੇ ਨਾਲ ਸਬੰਧਤ ਅੰਮ੍ਰਿਤਧਾਰੀ ਗੁਰਸਿੱਖ ਲੜਕੀਆਂ ਨੂੰ ਨਿਸ਼ਕਾਮ ਰੂਪ ਵਿੱਚ ਉਚੱ ਪੱਧਰ ਦੀ ਸਿੱਖਿਆ ਦਿਵਾਉਣ ਦੇ ਲਈ ਜਿੱਥੇ ਸ਼੍ਰੋਮਣੀ ਕਮੇਟੀ ਦੇ ਵੱਲੋਂ ਆਪਣੇ ਕਾਲਜਾਂ ਤੇ ਯੂਨੀਵਰਸਿਟੀ ਦੇ ਅੰਦਰ ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੀ ਪੜ੍ਹਾਈ ਦੇ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ, ਉਥੇ ਨਾਲ ਹੀ ਕਸ਼ਮੀਰੀ ਅੰਮ੍ਰਿਤਧਾਰੀ ਸਿੱਖ ਬੱਚੀਆਂ ਨੂੰ 10+2 ਤੱਕ ਫ੍ਰੀ ਵਿੱਦਿਆ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਖਰਚੇ ਤੇ ਦਿੱਤੀ ਜਾ ਰਹੀ ਹੈ ਤਾਂ ਕਿ ਉਹ ਵੀ ਸਮੇਂ ਦੀਆਂ ਹਾਣੀ ਬਣ ਸਕਣ। ਇਸ ਦੌਰਾਨ ਉਨ੍ਹਾਂ ਨੇ ਇਹ ਵੀ ਖੁਲਾਸਾ ਕੀਤਾ ਕਿ ਜੰਮੂ ਕਸ਼ਮੀਰ ਦੀਆਂ ਸਿੱਖ ਸੰਗਤਾਂ ਦੀ ਮੰਗ ਨੂੰ ਮੁੱਖ ਰੱਖਦਿਆਂ ਹੋਇਆਂ ਕਸ਼ਮੀਰ ਦੇ ਇਲਾਕੇ ਚਿੱਠੀ ਸਿੰਘਪੁਰਾ ਵਿਖੇ ਚੱਲ ਰਹੇ ਖਾਲਸਾ ਹਾਈ ਸਕੂਲ ਦੀ ਨਵੀਂ ਇਮਾਰਤ ਉਸਾਰੀ ਗਈ ਹੈ। ਇਸਦੇ ਨਾਲ ਹੀ ਜ਼ਿਲ੍ਹਾ ਬਾਰਾਮੂਲਾ ਦੇ ਖਾਲਸਾ ਸਕੂਲ ਵਿਖੇ ਪੜ੍ਹ ਰਹੇ ਬੱਚਿਆਂ ਦੀ ਸਹਾਇਤਾ ਲਈ ਦੋ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਪ੍ਰਦਾਨ ਕੀਤੀ ਗਈ ਸੀ।

**ਸ਼੍ਰੀ ਨਗਰ ਦੇ ਲਾਲ ਚੌਂਕ ਦੀ ਸ਼ਾਨ ਅੱਜ ਵੀ ਬਰਕਾਰ**

ਬੇਸ਼ੱਕ ਸਮੇਂ ਦੇ ਚੱਲਦੇ ਚੱਕਰ ਅਨੁਸਾਰ ਜੰਮੂ ਕਸ਼ਮੀਰ ਦੀ ਰਾਜਧਾਨੀ ਸ਼੍ਰੀਨਗਰ ਸ਼ਹਿਰ ਦੇ ਦਿਲ ਵੱਜੋਂ ਜਾਣੇ ਜਾਂਦੇ ਇਲਾਕੇ ਲਾਲ ਚੌਂਕ ਅੰਦਰ ਹਰ ਪਾਸੇ ਚਹਿਲ-ਪਹਿਲ ਵਾਲਾ ਮਾਹੌਲ, ਸ਼ਾਂਤੀ ਅਤੇ ਸਥਾਨਕ ਲੋਕਾਂ ਸਮੇਤ ਬਾਹਰੋਂ ਆਏ ਹੋਏ ਸੈਲਾਨੀਆਂ ਦੇ ਚੇਹਰਿਆਂ ਦੇ ਉਪਰ ਰੌਣਕ ਨਜ਼ਰ ਆਉਂਦੀ ਦਿਖਾਈ ਦਿੰਦੀ ਹੈ। ਪਰ ਇਨ੍ਹਾਂ ਰੌਣਕ ਭਰਪੂਰ ਚੇਹਰਿਆਂ ਦੇ ਪਿੱਛੇ ਲੁਕਿਆ ਹੋਇਆ ਦਹਿਸ਼ਤ ਤੇ ਖੌਫ ਦਾ ਮਾਹੌਲ ਅੱਜ ਵੀ ਕਾਇਮ ਹੈ। ਇਹ ਸਮੁੱਚਾ ਨਜ਼ਾਰਾ ਲੇਖਕ ਨੇ ਬੀਤੇ ਦਿਨੀਂ ਵਾਦੀ-ਏ-ਕਸ਼ਮੀਰ ਦੇ ਸ਼ਹਿਰ ਸ਼੍ਰੀਨਗਰ ਦੇ ਮੁੱਖ ਬਜ਼ਾਰ ਵਿਖੇ ਸਥਿਤ ਲਾਲ ਚੌਂਕ ਦੇ ਦੋਰੇ ਦੌਰਾਨ ਦੇਖਿਆ। ਇਸ ਦੌਰਾਨ ਸ਼੍ਰੀਨਗਰ ਦੇ ਲਾਲ ਚੌਂਕ ਵਿਖੇ ਖਰੀਦੋ-ਫਰੋਖਤ ਕਰ ਰਹੇ ਕਸ਼ਮੀਰੀ ਲੋਕਾਂ ਤੇ ਬਾਹਰੋਂ ਆਏ ਹੋਏ ਸੈਲਾਨੀਆਂ ਨਾਲ ਉਚੇਚੇ ਤੌਰ ਤੇ ਗੱਲਬਾਤ ਕੀਤੀ ਤਾਂ ਇੱਕ ਪੱਖ ਵਿਸ਼ੇਸ਼ ਤੌਰ ਤੇ ਉਭਰ ਕੇ ਸਾਹਮਣੇ ਆਇਆ ਕਿ ਹਰ ਵਿਅਕਤੀ ਦਹਿਸ਼ਤ ਗਰਦੀ ਅਤੇ ਸੁਰੱਖਿਆ ਬਲਾਂ ਵੱਲੋਂ ਤਾਣੀਆਂ ਗਈਆਂ ਸੰਗੀਨਾ ਦੇ ਮਾਹੌਲ ਤੋਂ ਮੁਕਤੀ ਪ੍ਰਾਪਤ ਕਰਕੇ ਪੂਰੀ ਤਰ੍ਹਾਂ ਖੁਸ਼ੀ ਮਹਿਸੂਸ ਕਰ ਰਿਹਾ ਹੈ, ਖਾਸ ਕਰਕੇ ਕਸ਼ਮੀਰੀ ਲੜਕੀਆਂ ਤੇ ਔਰਤਾਂ ਕੱਟੜਪੰਥੀ ਜੱਥੇਬੰਦੀਆਂ ਵੱਲੋਂ ਲਗਾਈਆਂ ਗਈਆਂ ਵੱਖ-ਵੱਖ ਪਾਬੰਦੀਆਂ ਤੇ ਦਬਾਵਾਂ ਤੋਂ ਮੁਕਤ ਹੋ ਕੇ ਆਪਣੇ ਆਪ ਨੂੰ ਆਜ਼ਾਦ ਮਹਿਸੂਸ ਕਰ ਰਹੀਆਂ ਹਨ। ਇਸ ਦੌਰਾਨ ਲਾਲ ਚੌਂਕ ਦੇ ਨੇੜੇ ਸਥਿਤ ਪਿੱਛਲੇ 40 ਸਾਲਾਂ ਤੋਂ ਡਰਾਈ ਫਰੂਟ ਦਾ ਕਾਰੋਬਾਰ ਕਰ ਰਹੇ ਦਿਲਬਾਗ ਸਿੰਘ ਨੇ ਟੀਮ ਦੇ ਮੈਂਬਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਕਿਹਾ ਕਿ ਵਾਦੀ ਵਿੱਚ ਚੱਲੀ ਦਹਿਸ਼ਤਗਰਦੀ ਦੀ ਹਨੇਰੀ ਨੇ ਉਨ੍ਹਾਂ ਦਾ ਕਾਰੋਬਾਰ ਪਿੱਛਲੇ ਅਰਸੇ ਦੌਰਾਨ ਬਹੁਤ ਹੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਿਆ ਸੀ। ਪਰ ਹੁਣ ਹਾਲਾਤ ਬੜੀ ਤੇਜ਼ੀ ਨਾਲ ਬਦਲ ਚੁੱਕੇ ਹਨ ਅਤੇ ਸਾਡਾ ਕਾਰੋਬਾਰ ਮੁੜ ਲੀਹਾਂ ਤੇ ਆਉਣਾ ਸ਼ੁਰੂ ਹੋ ਗਿਆ ਹੈ। ਜੋ ਕਿ ਇੱਕ ਸੁਖਦ ਸੰਦੇਸ਼ ਹੈ। ਇਸੇ ਤਰ੍ਹਾਂ ਲਾਲ ਚੌਂਕ ਵਿਖੇ ਕਸ਼ਮੀਰੀ ਸ਼ਾਲਾਂ ਦਾ ਕਾਰੋਬਾਰ ਕਰ ਰਹੇ ਮੀਆਂ ਮਨਸੂਰ ਰਹਿਮਾਨ ਨੇ ਆਪਣੀ ਗੱਲਬਾਤ ਦੌਰਾਨ ਕਿਹਾ ਕਿ ਕਸ਼ਮੀਰ ਵਾਦੀ ਵਿੱਚ ਦਹਿਸ਼ਤ ਗਰਦੀ ਦਾ ਮਾਹੌਲ ਖਤਮ ਹੋਣ ਦੇ ਨਾਲ ਵੱਡੀ ਗਿਣਤੀ ਵਿੱਚ ਸੈਲਾਨੀ ਕਸ਼ਮੀਰ ਵਾਦੀ ਵਿੱਚ ਪਹੁੰਚ ਰਹੇ ਹਨ। ਜਿਸ ਨਾਲ ਰਾਜ ਦੀ ਲੀਹੋਂ ਲੱਥੀ ਆਰਥਿਕਤਾ ਮੁੜ ਪਟੜੀ ਤੇ ਪੈਂਦੀ ਹੋਈ ਨਜ਼ਰ ਆਉਂਦੀ ਹੈ। ਸ਼੍ਰੀ ਰਹਿਮਾਨ ਨੇ ਆਪਣੀ ਗੱਲਬਾਤ ਦੌਰਾਨ ਕਿਹਾ ਕਿ ਬੇਸ਼ੱਕ ਅਜੇ ਸਮੁੱਚੀ ਵਾਦੀ ਅੰਦਰ ਪੂਰੀ ਤਰ੍ਹਾਂ ਸ਼ਾਂਤੀ ਵਾਲਾ ਮਾਹੌਲ ਕਾਇਮ ਨਹੀਂ ਹੈ। ਪਰ ਫਿਰ ਵੀ ਅਸੀਂ ਬਦਲੇ ਹੋਏ ਹਾਲਾਤਾਂ ਤੋਂ ਖੁਸ਼ ਹਾਂ ਅਤੇ ਸਾਡੇ ਸ਼ਾਲਾਂ ਦੇ ਕਾਰੋਬਾਰ ਅੰਦਰ ਮੁੜ ਤੇਜ਼ੀ ਆ ਗਈ ਹੈ, ਜੋ ਕਿ ਇੱਕ ਚੰਗੇ ਸਮੇਂ ਦੀ ਸ਼ੁਰੂਆਤ ਹੈ। ਇਸ ਦੌਰਾਨ ਲਾਲ ਚੌਂਕ ਨਿਵਾਸੀ ਸ਼ੇਖ ਮੁਹੰਮਦ ਅਲੀ ਨੇ ਕਿਹਾ ਕਿ ਲਾਲ ਚੌਂਕ ਦੇ ਇਲਾਕੇ ਨੂੰ ਕਿਸੇ ਵੇਲੇ ਦਹਿਸ਼ਤਗਰਦੀ ਤੇ ਖੌਫ ਦਾ ਇਲਾਕਾ ਕਿਹਾ ਜਾਂਦਾ ਸੀ। ਪਰ ਅੱਜ ਹਾਲਾਤ ਪੂਰੀ ਤਰ੍ਹਾਂ ਬਦਲ ਗਏ ਹਨ ਅਤੇ ਹਰ ਪਾਸੇ ਸ਼ਾਂਤੀ ਤੇ ਅਮਨ ਵਾਲਾ ਮਾਹੌਲ ਨਜ਼ਰ ਆਉਂਦਾ ਹੈ। ਉਨ੍ਹਾਂ ਨੇ ਕਿਹਾ ਕਿ ਕਸ਼ਮੀਰ ਵਿੱਚ ਵੱਸਦੇ ਮੁਸਲਮਾਨ ਹਮੇਸ਼ਾ ਹੀ ਸ਼ਾਂਤੀ ਤੇ ਅਮਨ ਚਾਹੁੰਦੇ ਹਨ। ਪਰ ਸਮੇਂ ਦੀਆਂ ਸਰਕਾਰਾਂ ਵੱਲੋਂ ਕੀਤੀਆਂ ਗਈਆਂ ਜਾਦਤੀਆਂ ਦੇ ਕਾਰਨ ਹੀ ਪਿੱਛਲੇ ਅਰਸੇ ਦੌਰਾਨ ਮਾਹੌਲ ਖਰਾਬ ਹੋਇਆ ਹੈ ਅਤੇ ਸਾਡੇ ਕਾਰੋਬਾਰ ਨੂੰ ਵੀ ਜ਼ਬਰਦਸਤ ਨੁਕਸਾਨ ਉਠਾਉਣਾ ਪਿਆ ਹੈ। ਪਰ ਅੱਲ੍ਹਾ ਦਾ ਸ਼ੁੱਕਰ ਹੈ ਕਿ ਸਮੇਂ ਦੀ ਹਕੂਮਤ ਵੱਲੋਂ ਉਠਾਏ ਗਏ ਸਖਤ ਕਦਮਾਂ ਦੇ ਸਦਕਾਂ ਅੱਜ ਲਾਲ ਚੌਂਕ ਦੇ ਇਲਾਕੇ ਅੰਦਰ ਪੂਰੀ ਤਰ੍ਹਾਂ ਸ਼ਾਂਤੀ ਦਾ ਮਾਹੌਲ ਹੈ। ਲਾਲ ਚੌਂਕ ਵਿਖੇ ਮਨਿਆਰੀ ਦਾ ਕਾਰੋਬਾਰ ਕਰਨ ਵਾਲੇ ਸ਼੍ਰੀ ਖੇਮ ਚੰਦ ਨੇ ਆਪਣੀ ਗੱਲਬਾਤ ਦੌਰਾਨ ਕਿਹਾ ਕਿ ਕਿਸੇ ਵੇਲੇ ਲਾਲ ਚੌਂਕ ਦੇ ਇਲਾਕੇ ਅੰਦਰ ਪੂਰੀ ਤਰ੍ਹਾਂ ਦਹਿਸ਼ਤਗਰਦੀ ਵਾਲਾ ਮਾਹੌਲ ਹੁੰਦਾ ਸੀ ਅਤੇ ਦੁਕਾਨਾਂ ਕਈ-ਕਈ ਅਰਸਾ ਬੰਦ ਰਹਿੰਦੀਆਂ ਸਨ। ਜਿਸ ਕਾਰਨ ਸੈਲਾਨੀਆਂ ਦੀ ਆਮਦ ਨਾ ਦੇ ਬਰਾਬਰ ਹੋਣ ਕਰਕੇ ਅਸੀਂ ਆਪਣਾ ਕਾਰੋਬਾਰ ਸਮੇਟ ਕੇ ਜੰਮੂ ਚਲੇ ਗਏ ਸੀ। ਪਰ ਪਿੱਛਲੇ ਕੁੱਝ ਸਮੇਂ ਤੋਂ ਕੇਂਦਰ ਤੇ ਰਾਜ ਸਰਕਾਰ ਵੱਲੋਂ ਉਠਾਏ ਗਏ ਸਖਤ ਸੁਰੱਖਿਆ ਕਦਮਾਂ ਦੇ ਸਦਕਾ ਕਸ਼ਮੀਰ ਵਾਦੀ ਅੰਦਰ ਮੁੜ ਰੌਣਕ ਦੁਬਾਰਾ ਦੇਖਣ ਨੂੰ ਮਿਲ ਰਹੀ ਹੈ, ਜਿਸ ਦੇ ਮੱਦੇਨਜ਼ਰ ਅਸੀਂ ਮੁੜ ਆਪਣਾ ਕਾਰੋਬਾਰ ਕਰਨ ਲਈ ਵਾਪਸ ਆ ਗਏ ਹਾਂ। ਪਰ ਸਾਡੇ ਮਨ ਦੇ ਅੰਦਰ ਇਹ ਬਾਰ-ਬਾਰ ਖਿਆਲ ਆਉਂਦਾ ਹੈ ਕਿ ਇਸ ਤਰ੍ਹਾਂ ਦਾ ਸ਼ਾਂਤੀ ਪੂਰਨ ਮਾਹੌਲ ਸਦਾ ਲਈ ਕਾਇਮ ਰਹੇਗਾ ਕਿ ਕੁੱਝ ਸਮੇਂ ਲਈ? ਇਸੇ ਤਰ੍ਹਾਂ ਲੇਖਕ ਨੇ ਸਮੁੱਚੇ ਲਾਲ ਚੌਂਕ ਦਾ ਦੌਰਾ ਕਰਨ ਤੋਂ ਬਾਅਦ ਦੇਖਿਆ ਕਿ ਕਸ਼ਮੀਰ ਵਾਦੀ ਦੇ ਲੋਕ ਤੇ ਕਾਰੋਬਾਰੀ ਵਿਅਕਤੀ ਦਹਿਸ਼ਤਗਰਦੀ ਦੇ ਮਾਹੌਲ ਤੋਂ ਪੂਰੀ ਤਰ੍ਹਾਂ ਉਕਤਾ ਚੁੱਕੇ ਹਨ ਅਤੇ ਉਹ ਹਰ ਹਾਲਤ ਵਿੱਚ ਕਸ਼ਮੀਰ ਨੂੰ ਮੁੜ ਸਵਰਗ ਬਣਾਉਣਾ ਚਾਹੁੰਦੇ ਹਨ। ਪਰ ਦੇਖਣ ਵਾਲੀ ਗੱਲ ਹੁਣ ਇਹ ਹੈ ਕਿ ਕਸ਼ਮੀਰ ਵਾਦੀ ਵਿੱਚ ਵੱਸਦੇ ਲੋਕਾਂ ਖਾਸ ਕਰਕੇ ਘੱਟ ਗਿਣਤੀ ਦੀਆਂ ਕੌਮਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਤੇ ਉਨ੍ਹਾਂ ਦੇ ਭਵਿੱਖ ਨੂੰ ਸੁਧਾਰਨ ਵਿੱਚ ਕੇਂਦਰ ਅਤੇ ਰਾਜ ਸਰਕਾਰ (ਗਵਰਨਰੀ ਰਾਜ) ਆਪਣੀ ਕੀ ਭੂਮਿਕਾ ਨਿਭਾਉਂਦੀ ਹੈ?






ਧਰਤੀ ਦਾ ਸਵਰਗ ਕਸ਼ਮੀਰ.......

ਸ਼੍ਰੀਨਗਰ ਦੀ ਡਲ ਝੀਲ ਅੰਦਰ ਸ਼ਿਕਾਰੇ ਦੀ ਸਵਾਰੀ ਦਾ ਲੁਤਫ ਉਠਾਉਂਦਾ ਹੋਇਆ ਸੈਲਾਨੀ।
ਫੋਟੋ ਤੇ ਵੇਰਵਾ: ਆਰ.ਐੈਲ.ਖਾਲਸਾ

# ਖੁਸ਼ੀ ਸੰਤੁਸ਼ਟ ਹੋਣ ਤੇ ਮਿਲੇਗੀ



ਬਿਲਕੁੱਲ,ਹਰ ਬੰਦਾ ਖੁਸ਼ ਰਹਿਣਾ ਚਾਹੁੰਦਾ ਹੈ ਪਰ ਖੁਸ਼ ਰਹਿੰਦਾ ਨਹੀਂ।ਅਸਲ ਵਿੱਚ ਖੁਸ਼ ਕਿਵੇਂ ਰਹਿਣਾ ਹੈ ਅਤੇ ਖੁਸ਼ੀ ਕਿਵੇਂ ਮਿਲਦੀ ਹੈ ਇਸਦੀ ਹੀ ਸਮਝ ਨਹੀਂ ਆਉਂਦੀ।ਦੂਸਰੇ ਪਾਸੇ ਇਹ ਵੀ ਹੈ ਕਿ ਜੇਕਰ ਖੁਸ਼ ਰਹਿਣਾ ਆ ਜਾਵੇ ਤਾਂ ਸੰਤੁਸ਼ਟ ਵੀ ਹੋ ਜਾਵਾਂਗੇ।ਪਿਉ ਸੀਰੋਸਟਨ ਅਨੁਸਾਰ, "ਖੁਸ਼ੀ ਉਦੋਂ ਹੀ ਹਾਸਲ ਹੁੰਦੀ ਹੈ ਜਦੋਂ ਅਸੀਂ ਆਪਣੇ ਵਿਭਾਗਾਂ ਅਤੇ ਦਿਲਾਂ ਨੂੰ ਆਪਣੀ ਸਮਰਥਾ ਦੀਆਂ ਹੱਦਾਂ ਤੱਕ ਖਿੱਚ ਲੈਂਦੇ ਹਾਂ "ਸਿਆਣੇ ਕਹਿੰਦੇ ਹਨ ਕਿ ਖੁਸ਼ੀ,ਪਿਆਰ,ਹਾਸੇ ਅਤੇ ਗਿਆਨ ਜਿੰਨਾ ਵੰਡੋਗੇ ਉਨਾ ਵਧੇਰੇ ਤੁਹਾਡੇ ਕੋਲ ਭੱਜ ਭੱਜ ਆਇਗਾ।ਤੁਹਾਡੇ ਕੋਲ ਕੀ ਹੈ ਉਹ ਸਿਰਫ਼ ਤੁਹਾਡੇ ਲਈ ਮਹੱਤਵ ਰੱਖਦਾ ਹੈ। ਲੋਕਾਂ ਨੇ ਤਾਂ ਹਰ ਹਾਲਤ ਵਿੱਚ ਕੁੱਝ ਨਾ ਕੁੱਝ ਬੋਲਣਾ ਅਤੇ ਕਹਿਣਾ ਹੀ ਹੈ।ਆਪਣੇ ਆਪ ਨੂੰ ਇਹ ਸੰਤੁਸ਼ਟੀ ਹੋਵੇ ਕਿ ਮੈਂ ਗਲਤ ਨਹੀਂ ਕੀਤਾ ਤਾਂ ਤੁਹਾਡੇ ਅੰਦਰ ਕੋਈ ਕਸ਼ਮਕਸ਼ ਨਹੀਂ ਹੋਏਗੀ।ਜਦੋਂ ਕੋਈ ਇਵੇਂ ਦੀ ਸੁਵਿਧਾ ਨਹੀਂ ਹੋਏਗੀ ਤਾਂ ਅਸੀਂ ਹਲਕਾ ਫੁਲਕਾ ਮਹਿਸੂਸ ਕਰਾਂਗੇ ਅਤੇ ਖੁਸ਼ ਰਹਾਂਗੇ ਅਤੇ ਸੰਤੁਸ਼ਟ ਮਹਿਸੂਸ ਕਰਾਂਗੇ ? ਖੁਸ਼ੀ ਵਧੇਰੇ ਪੈਸੇ ਨਾਲ ਨਹੀਂ ਮਿਲ ਸਕਦੀ ਅਤੇ ਨਾ ਵੱਡੇ ਰੁਤਬਿਆਂ ਨਾਲ।ਖੁਸ਼ ਰਹਿਣ ਅਤੇ ਦੂਸਰਿਆਂ ਨੂੰ ਖੁਸ਼ ਰੱਖਣ ਨਾਲ ਖੁਸ਼ੀ ਮਿਲਦੀ ਹੈ। ਜੇਕਰ ਅਸੀਂ ਆਪ ਖੁਸ਼ ਹੋਵਾਂਗੇ ਤਾਂ ਹੀ ਦੂਸਰਿਆਂ ਨੂੰ ਖੁਸ਼ੀਆਂ ਦੇ ਸਕਾਂਗੇ। ਆਰ ਡਬਲਿਊ ਇਮਰਾਨ ਅਨੁਸਾਰ, "ਖੁਸ਼ੀ ਉਹ ਇਤਰ ਹੈ ਜਿਹੜੀ ਤੁਸੀਂ ਦੂਸਰਿਆਂ ਉੱਪਰ ਤੱਦ ਤੱਕ ਹੀ ਛਿੜਕ ਸਕਦੇ ਹੋ ਜੇ ਤੁਹਾਡੇ ਆਪਣੇ ਕੋਲ ਵੀ ਉਸਦੀਆਂ ਕੁੱਝ ਬੂੰਦਾਂ ਮੌਜੂਦ ਹੋਣ।" ਖੁਸ਼ ਰਹਿਣ ਨਾਲ ਕੰਮ ਕਰਨ ਦੀ ਊਰਜਾ ਵੱਧਦੀ ਹੈ। ਜਦੋਂ ਮਾਹੌਲ ਵਧੀਆ ਹੋਵੇ ਤਾਂ ਕੰਮ ਕਰਨ ਵਾਲਿਆਂ ਵਿੱਚ ਕੰਮ ਕਰਨ ਦੀ ਇੱਛਾ ਵੱਧਦੀ ਹੈ। ਹਰ ਵੇਲੇ ਖਿੱਝਣ ਨਾਲ ਮਾਨਸਿਕ ਅਤੇ ਸਰੀਰਕ ਨੁਕਸਾਨ ਹੁੰਦਾ ਹੈ।

ਦੂਸਰੇ ਪਾਸੇ ਵੇਖੀਏ ਤਾਂ ਖੁਸ਼ੀ ਆਪਣੀ ਸੋਚ ਤੇ ਵੀ ਨਿਰਭਰ ਕਰਦੀ ਹੈ।ਅੱਜ ਕੱਲ੍ਹ ਵਿਖਾਵੇ ਦੀ ਜ਼ਿੰਦਗੀ ਹੀ ਵਧੇਰੇ ਕਰਕੇ ਜਿਊਣ ਰਹੇ ਹਾਂ। ਜੋ ਹੈ ਉਸ ਦੀ ਖੁਸ਼ੀ ਨਹੀਂ ਹੁੰਦੀ ਸਗੋਂ ਜੋ ਨਹੀਂ ਹੈ ਉਸ ਨੂੰ ਪ੍ਰਾਪਤ ਕਰਨ ਲਈ ਦਿਨ ਰਾਤ ਭੱਜੀ ਜਾਂਦੇ ਹਾਂ।ਹਕੀਕਤ ਇਹ ਹੈ ਕਿ ਦੂਸਰੇ ਨੂੰ ਵਿਖਾਉਣ ਦੀ ਖਾਤਰ ਅਸੀਂ ਆਪਣੀਆਂ ਖੁਸ਼ੀਆਂ ਖਤਮ ਕਰ ਲੈਂਦੇ ਹਾਂ। ਮੈਂ ਇੱਕ ਆਪਣਾ ਨਿੱਜੀ ਤਜਰਬੇ ਸਾਂਝਾ ਕਰਦੀ ਹਾਂ।ਉਸਨੇ ਮੈਨੂੰ ਇੱਕ ਸਿਖਿਆ ਦਿੱਤੀ। ਮੈਂ ਅਤੇ ਮੇਰੇ ਪਤੀ ਕਾਰ ਵਿੱਚ ਆ ਰਹੇ ਸੀ।ਗਰਮੀ ਦਾ ਮੌਸਮ ਸੀ।ਕਾਰ ਦਾ ਏ ਸੀ ਚੱਲ ਰਿਹਾ ਸੀ। ਪਰ ਮੈਨੂੰ ਬਾਹਰ ਵਾਲੀ ਧੁੱਪ ਤਿੱਖੀ ਲੱਗ ਰਹੀ ਸੀ।ਸੜਕ ਤੇ ਮੈਂ ਕੋਈ ਦੋ ਕੁ ਸਾਲ ਦਾ ਬੱਚਾ ਵੇਖਿਆ। ਉਹ ਬਿਲਕੁੱਲ ਨੰਗਾ ਸੀ। ਸ਼ਾਇਦ ਸਿਰ ਨੂੰ ਗਰਮੀ ਲੱਗ ਰਹੀ ਸੀ।ਉਸ ਨੇ ਆਪਣੀ ਨਿਕਲ ਸਿਰ ਤੇ ਪਾਈ ਹੋਈ ਸੀ।ਪੈਰਾਂ ਤੋਂ ਨੰਗਾ,ਧੜ ਤੋਂ ਨੰਗਾ ਪਰ ਉਸਦੇ ਚਿਹਰੇ ਤੇ ਹਾਸਾ ਸੀ।ਉਸ ਦਿਨ ਮੈਨੂੰ ਲੱਗਾ ਕਿ ਖੁਸ਼ੀ ਕਾਰ ਵਿੱਚ ਬੈਠਕੇ ਨਹੀਂ,ਖੁਸ਼ੀ ਸੋਚ ਅਤੇ ਮਹਿਸੂਸ ਕਰਨ ਵਿੱਚ ਹੈ। ਕਿਨ੍ਹਾਂ ਹੁੱਬਾਰਡ ਅਨੁਸਾਰ,"ਇਹ ਦੱਸਣਾ ਕਾਫੀ ਮੁਸ਼ਕਿਲ ਹੈ ਕਿ ਖੁਸ਼ੀ ਕਿਸ ਚੀਜ਼ ਨਾਲ ਮਿਲਦੀ ਹੈ ਕਿਉਂਕਿ ਗਰੀਬੀ ਅਤੇ ਅਮੀਰੀ ਦੋਵੇਂ ਹੀ ਇਸ ਖੇਤਰ ਫੇਲ ਹੋ ਚੁੱਕੀਆਂ ਹਨ "।

ਖੁਸ਼ੀ ਵਾਸਤੇ ਸੱਭ ਤੋਂ ਜ਼ਰੂਰੀ ਹੈ ਕਿ ਦੂਸਰਿਆਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਨਾ ਕਰੋ। ਥੋੜ੍ਹੇ ਵਿੱਚ ਅਤੇ ਸਲੀਕੇ ਨਾਲ ਰਹਿਣਾ ਚਾਹੀਦਾ ਹੈ।ਹਮੇਸ਼ਾਂ ਚਾਦਰ ਵੇਖਕੇ ਪੈਰ ਪਸਾਰੋ।ਦੂਸਰਿਆਂ ਦੀਆਂ ਖੁਸ਼ੀਆਂ ਵਿੱਚ ਖੁਸ਼ ਹੋਵੋ।ਮਿਹਨਤ ਕਰੋ ਪਰ ਜੋ ਆਪਣੇ ਕੋਲ ਹੈ ਉਸ ਤੋਂ ਸੰਤੁਸ਼ਟ ਰਹਿਣਾ ਚਾਹੀਦਾ ਹੈ। ਹੋਰ ਹੋਰ ਅਤੇ ਵਿਖਾਵਾ ਮਾਨਸਿਕ ਦਬਾਅ ਵਧਾਉਂਦਾ ਹੈ।ਆਪਣੇ ਫਾਲਤੂ ਖਰਚਿਆ ਤੇ ਕੰਟਰੋਲ ਕਰਨਾ ਬਹੁਤ ਜ਼ਰੂਰੀ ਹੈ। ਰੱਬ ਦਾ ਸ਼ੁਕਰੀਆ ਵੀ ਤਾਂ ਹੀ ਕਰਾਂਗੇ ਜੇਕਰ ਸੰਤੁਸ਼ਟ ਹੋਵਾਂਗੇ। ਖੁਸ਼ੀ ਤਾਂ ਹੀ ਜ਼ਿੰਦਗੀ ਵਿੱਚ ਮਿਲੇਗੀ ਜੇਕਰ ਅਸੀਂ ਆਪਣੀ ਜ਼ਿੰਦਗੀ ਵਿੱਚ ਸੰਤੁਸ਼ਟੀ ਮਹਿਸੂਸ ਕਰਾਂਗੇ ਅਤੇ ਸੰਤੁਸ਼ਟ ਰਹਾਂਗੇ।

**ਪ੍ਰਭਜੋਤ ਕੌਰ ਢਿੱਲੋਂ ਮੁਹਾਲੀ**
9815030221



# ਜ਼ਿੰਦਗੀ ਦੀ ਬੁਨਿਆਦ ਰਿਸ਼ਤਿਆਂ 'ਤੇ ਟਿਕੀ



ਜ਼ਿੰਦਗੀ ਦੀ ਬੁਨਿਆਦ ਰਿਸ਼ਤਿਆਂ 'ਤੇ ਟਿਕੀ ਹੋਈ ਹੈ। ਇਹ ਰਿਸ਼ਤੇ ਹੀ ਹਨ ਜੋ ਇੱਕ - ਦੂਸਰੇ ਦੀ ਪਰਵਾਹ ਕਰਨਾ ਸਿਖਾਉਂਦੇ ਹਨ। ਜੇਕਰ ਦੁਨੀਆਂ ਵਿੱਚ ਰਿਸ਼ਤੇ ਨਾ ਹੁੰਦੇ ਤਾਂ ਸਾਡੇ ਕੋਲ਼ ਕੋਮਲ - ਭਾਵਨਾਵਾਂ ਤੇ ਅਹਿਸਾਸ ਨਾ ਹੁੰਦੇ , ਨਾ ਕਲਪਨਾ ਦੀ ਕੋਈ ਉਡਾਰੀ ਹੁੰਦੀ। ਅਜਿਹੀਆਂ ਭਾਵਨਾਵਾਂ - ਵਿਹੂਣੀ ਜ਼ਿੰਦਗੀ ਮਨੁੱਖ ਨੂੰ ਸਮਾਜਿਕ ਪ੍ਰਾਣੀ ਨਾ ਬਣਨ ਦਿੰਦੀ ਤੇ ਕਿਸੇ ਨੂੰ ਕਿਸੇ ਨਾਲ ਕੋਈ ਲਗਾਓ , ਫਿਕਰ , ਪਿਆਰ , ਮੁਹੱਬਤ ਤੇ ਪ੍ਰਵਾਹ ਨਾ ਹੁੰਦੀ। ਰਿਸ਼ਤਿਆਂ ਦੀ ਨਾਜ਼ੁਕ ਡੋਰ ਹੀ ਮਨੁੱਖ ਨੂੰ ਸਮਾਜਿਕ ਪ੍ਰਾਣੀ ਬਣਾ ਕੇ ਉਸ ਦੇ ਜੀਵਨ ਨੂੰ ਸੁਖਾਲਾ ਬਣਾਉਂਦੀ ਹੈ। ਰਿਸ਼ਤਿਆਂ ਦੀਆਂ ਕੋਮਲ ਤੰਦਾਂ ਸਦਕਾ ਹੀ ਮਨੁੱਖ, ਮਨੁੱਖ ਬਣਿਆ ਰਹਿੰਦਾ ਹੈ। ਇਹਨਾਂ ਮਹਿਕਦੇ ਰਿਸ਼ਤਿਆਂ ਨੇ ਹੀ ਸਾਡਾ ਜੀਵਨ ਰੁਸ਼ਨਾਇਆ ਹੋਇਆ ਹੈ। ਰਿਸ਼ਤਿਆਂ ਦੇ ਸੁੱਚੇ ਮੋਤੀਆਂ ਵਿੱਚ ਨੂੰਹ - ਸੱਸ ਦਾ ਰਿਸ਼ਤਾ ਬਹੁਤ ਅਹਿਮ ਤੇ ਘਰ ਦੀ ਬੁਨਿਆਦ ਸਮਝਿਆ ਜਾਣ ਵਾਲਾ ਰਿਸ਼ਤਾ ਹੈ। ਲੜਕੀ ਜਦੋਂ ਪੇਕੇ - ਘਰ ਤੋਂ ਵਿਆਹ ਹੋ ਕੇ ਸਹੁਰੇ - ਘਰ ਜਾਂਦੀ ਹੈ ਤਾਂ ਉਸ ਲਈ ਇੱਕ ਨਵਾਂ ਜਨਮ ਹੁੰਦਾ ਹੈ , ਉਸ ਲਈ ਮਾਪਿਆਂ ਦਾ ਘਰ ਹੁਣ ਪਰਾਇਆ ਹੋ ਜਾਂਦਾ ਹੈ ਤੇ ਸਹੁਰਾ - ਘਰ ਹੀ ਉਸ ਦਾ ਅਸਲ ਘਰ ਬਣ ਜਾਂਦਾ ਹੈ।ਇਹ ਇੱਕ ਵਚਿੱਤਰ ਸਮਾਜਿਕ - ਦੁਨਿਆਵੀ ਘਟਨਾ ਇੱਕ ਲੜਕੀ ਦੇ ਜੀਵਨ ਵਿੱਚ ਘਟਦੀ ਹੈ , ਜੋ ਕਿ ਉਸ ਦੇ ਜੀਵਨ ਦੀ ਬਹੁਤ ਵੱਡੀ , ਅਹਿਮ , ਭਵਿੱਖਤ, ਕੌੜੀ - ਕੁਸੈਲੀ ਤੇ ਤਬਦੀਲੀਦਾਇਕ ਘਟਨਾ ਤੇ ਜ਼ਿੰਦਗੀ ਦਾ ਮੋੜ ਹੁੰਦਾ ਹੈ। ਸਹੁਰੇ ਘਰ ਵਿੱਚ ਆ ਕੇ ਉਸ ਲਈ ਤੇ ਉਸਦੇ ਸਹੁਰੇ ਪਰਿਵਾਰ ਲਈ ਕਈ ਨਵੇਂ ਰਿਸ਼ਤਿਆਂ ਦਾ ਜਨਮ ਹੁੰਦਾ ਹੈ ਅਤੇ ਇਹ ਰਿਸ਼ਤੇ ਉਸ ਦੀ ਜ਼ਿੰਦਗੀ ਦਾ ਆਧਾਰ ਬਣ ਜਾਂਦੇ ਹਨ। ਇਹਨਾਂ ਰਿਸ਼ਤਿਆਂ ਵਿੱਚ ਇੱਕ ਪ੍ਰਮੁੱਖ ਰਿਸ਼ਤਾ ਹੈ : ਨੂੰਹ ਤੇ ਸੱਸ ਦਾ ਰਿਸ਼ਤਾ। ਪਰਿਵਾਰਕ ਤੇ ਸਮਾਜਿਕ ਨਜ਼ਰੀਏ ਤੋਂ ਇਹ ਨਾਜ਼ੁਕ ਤੇ ਸ਼ਿਸ਼ਟਤਾ ਭਰਿਆ ਰਿਸ਼ਤਾ ਹੈ , ਜੋ ਸਮੁੱਚੇ ਪਰਿਵਾਰ ਦੀ ਤਰੱਕੀ , ਸ਼ਾਂਤੀ , ਉੱਨਤੀ , ਏਕਤਾ ਤੇ ਆਪਸੀ ਪਿਆਰ ਦੀ ਬੁਨਿਆਦ ਹੋ ਨਿੱਬੜਦਾ ਹੈ , ਪਰ ਕਈ ਵਾਰ ਛੋਟੇ ਜਿਹੇ ਮੱਤਭੇਦ ਜਾਂ ਮਨ - ਮੁਟਾਵ ਤੇ ਗ਼ਲਤ - ਫਹਿਮੀ ਕਰਕੇ ਇਸ ਅਹਿਮ ਤੇ ਪਵਿੱਤਰ ਰਿਸ਼ਤੇ ਦੇ ਅਹਿਸਾਸਾਂ ਅਤੇ ਸੰਬੰਧਾਂ 'ਤੇ ਭਰਮ - ਭੁਲੇਖਿਆਂ ਤੇ ਕੁੜੱਤਣ ਦੀ ਧੂੜ ਜੰਮ ਜਾਂਦੀ ਹੈ , ਜੋ ਕਿ ਪਰਿਵਾਰਕ ਸਾਂਝ , ਪਿਆਰ , ਏਕੇ , ਅਖੰਡਤਾ , ਸਮਰਪਣ ਭਾਵਨਾ , ਸੁਹਿਰਦਤਾ ਤੇ ਕੋਮਲ ਭਾਵਨਾਵਾਂ ਨੂੰ ਖੰਡਿਤ ਕਰਨ ਲੱਗ ਜਾਂਦੀ ਹੈ।ਇਸ ਵਿਕਟ ਸਥਿਤੀ ਤੋਂ ਬਚਣ ਲਈ ਦੋਵਾਂ ਰਿਸ਼ਤਿਆਂ ( ਨੂੰਹ ਅਤੇ ਸੱਸ ) ਨੂੰ ਆਪਸੀ ਪਿਆਰ - ਮੁਹੱਬਤ ਅਤੇ ਸੌਹਾਰਦ ਭਰਪੂਰ ਵਿਹਾਰ ਬਣਾਈ ਰੱਖਣ ਲਈ ਆਪਸ ਵਿੱਚ ਛੋਟੀ ਤੋਂ ਛੋਟੀ ਗੱਲ ਨੂੰ ਸਾਂਝਾ ਕਰਨਾ ਚਾਹੀਦਾ ਹੈ , ਮਨ - ਮੁਟਾਵ ਆਪਸ ਵਿੱਚ ਦੂਰ ਕਰ ਲੈਣੇ ਚਾਹੀਦੇ ਹਨ , ਕਿਸੇ ਤਰ੍ਹਾਂ ਦੇ ਗਿਲੇ - ਸ਼ਿਕਵੇ ਮਨ ਵਿੱਚ ਦਬਾ ਕੇ ਨਹੀਂ ਰੱਖਣੇ ਚਾਹੀਦੇ , ਨਵੀਂ - ਨਵੇਲੀ ਦੁਲਹਨ ਨੂੰ ਆਪਣੇ ਘਰ ਦੀ ਹਰ ਛੋਟੀ - ਵੱਡੀ ਗੱਲ , ਸੁਭਾਅ , ਰੁਚੀ , ਭਾਵਨਾ , ਪਸੰਦ , ਨਾ - ਪਸੰਦ , ਵਿਸ਼ਵਾਸ , ਰਹਿਣ - ਸਹਿਣ ,ਵਰਤੋਂ - ਵਿਹਾਰ ਆਦਿ ਬਾਰੇ ਜਾਣੂੰ ਕਰਵਾਉਂਦੇ ਰਹਿਣਾ ਚਾਹੀਦਾ ਹੈ। ਨੂੰਹ ਨੂੰ ਵੀ ਚਾਹੀਦਾ ਹੈ ਕਿ ਉਹ ਪਰਿਵਾਰ ਦੇ ਸਾਰੇ ਜੀਆਂ ਦਾ ਯਥਾਯੋਗ ਸਤਿਕਾਰ ਕਰੇ , ਚੰਗੀ ਸੇਧ ਨੂੰ ਅਪਣਾਉਣ ਤੋਂ ਗੁਰੇਜ਼ ਨਾ ਕਰੇ , ਸ਼ੰਕਾ ਦੀ ਸਥਿਤੀ ਸਮੇਂ ਪਰਿਵਾਰ ਤੇ ਸੱਸ - ਮਾਤਾ ਦੀ ਸਲਾਹ ਲੈ ਲਵੇ।ਸੱਸ - ਨੂੰਹ ਦੇ ਰਿਸ਼ਤੇ ਦੀ ਪਰਿਵਾਰਕ ਬੁਨਿਆਦ ਨੂੰ ਮਜ਼ਬੂਤ , ਭਰੋਸੇਯੋਗ ਤੇ ਚਿਰ - ਸਥਾਈ ਰੱਖਣ ਲਈ ਦੋਵਾਂ (ਸੱਸ ਤੇ ਨੂੰਹ ) ਨੂੰ ਆਪਸ ਵਿੱਚ ਚੰਗੀਆਂ ਗੱਲਾਂ ਨੂੰ ਵੀ ਸਾਂਝਾ ਕਰਦੇ ਰਹਿਣਾ ਚਾਹੀਦਾ ਹੈ। ਦੋਵੇਂ ਰਿਸ਼ਤਿਆਂ ਵਿੱਚ ਪਿਛੋਕੜ ਤੌਰ 'ਤੇ ਪਰਿਵਾਰਕ ਵਖਰੇਵਾਂ ਹੁੰਦਾ ਹੈ , ਇਸ ਵਿਚਾਰਧਾਰਕ ਅਤੇ ਸੋਚ ਦੇ ਵਖਰੇਵੇਂ ਦੀ ਖਾਈ ਨੂੰ ਪੂਰਨ ਲਈ ਕੁੱਝ ਸਮਾਂ ਜ਼ਰੂਰ ਲੱਗ ਜਾਂਦਾ ਹੈ। ਇਸ ਦੇ ਲਈ ਸਕਾਰਾਤਮਕ , ਸਾਰਥਕ ਤੇ ਉਚੇਚੇ - ਨਜ਼ਰੀਏ ਨੂੰ ਅਪਣਾਉਂਦੇ ਹੋਏ , ਆਪਸੀ ਵਿਅਕਤੀਗਤ ਅਤੇ ਪਰਿਵਾਰਕ ਮੱਤਭੇਦਾਂ , ਵਿਚਾਰਾਂ, ਸੋਚ, ਰਹਿਣੀ - ਬਹਿਣੀ ਅਤੇ ਦਿਨ - ਚਰਿਆ ਅਤੇ ਵਰਤੋ - ਵਿਹਾਰ ਨੂੰ ਸਾਂਝਾ ਕਰਨਾ , ਸਮਝਣਾ ਤੇ ਉਸ ਵਿੱਚ ਯਥਾਸੰਭਵ ਲੋੜੀਂਦਾ ਬਦਲਾਓ ਲਿਆਉਣ ਲਈ ਆਨਾਕਾਨੀ ਨਹੀਂ ਕਰਨੀ ਚਾਹੀਦੀ , ਸਗੋਂ ਤੱਤਪਰ ਰਹਿਣਾ ਚਾਹੀਦਾ ਹੈ। ਨੂੰਹ ਨੂੰ " ਧੀ - ਵਰਗੀ " ਦੀ ਥਾਂ 'ਤੇ " ਧੀ " ਅਤੇ ਸੱਸ ਨੂੰ ਸੱਸ ਦੇ ਸਥਾਨ 'ਤੇ " ਮਾਂ " ਸਮਝਿਆ ਜਾਣਾ , ਅਪਣਾਉਣਾ , ਉਸ ਅਨੁਸਾਰ ਆਚਰਣ ਕਰਨਾ ਤੇ ਵਿਚਰਨਾ ਹੀ ਸਹੀ ਹੋ ਸਕਦਾ ਹੈ ਅਤੇ ਸੱਸ - ਨੂੰਹ ਜਾਂ ਨੂੰਹ - ਸੱਸ ਦਾ ਰਿਸ਼ਤਾ ਨਾ ਹੋ ਕੇ , ਘਰੇਲੂ ਬੁਨਿਆਦਕ ਰਿਸ਼ਤਾ " ਮਾਂ - ਧੀ " ਦਾ ਰਿਸ਼ਤਾ ਬਣ ਸਕਦਾ ਹੈ , ਜੋ ਕਿ ਪਰਿਵਾਰਕ , ਸਮਾਜਿਕ ਤੇ ਵਿਅਕਤੀਗਤ ਤੌਰ 'ਤੇ ਸੁੱਖ , ਸ਼ਾਂਤੀ , ਸਮ੍ਰਿੱਧੀ , ਤਰੱਕੀ , ਖੁਸ਼ੀ , ਖੁਸ਼ਹਾਲੀ ਤੇ ਏਕੇ ਦਾ ਪ੍ਰਤੀਕ ਹੋ ਕੇ ਸਕੇਗਾ , ਜੋ ਕਿ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਨਿੱਬੜੇਗੀ।ਇਸ ਬਾਰੇ ਕਿਸੇ ਨੇ ਕਿਹਾ ਵੀ ਹੈ :

" ਘਰ ਵਿੱਚ ਹੱਸੇ ਜੇ ਜਨਾਨੀ ਦੋਸਤੋ !
ਸੋਨੇ 'ਤੇ ਸੁਹਾਗੇ ਦੀ ਨਿਸ਼ਾਨੀ ਦੋਸਤੋ !!"

ਮਾਸਟਰ ਸੰਜੀਵ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ
9478561356

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 355 | Website: www.preetnama.com Email preetnamausa@gmail.com | 29 MAY TO 04 JUNE, 2026





# ਇੱਕ ਦਿਨ ਦਾ ਸਤਿਕਾਰ-ਨਿਰਾ ਦਿਖਾਵਾ

ਦਿਨ-ਤਿਉਹਾਰ ਮਨਾਉਣਾ ਸਾਡੀ ਸੱਭਿਅਤਾ ਦਾ ਇੱਕ ਅਹਿਮ ਹਿੱਸਾ ਹੈ। ਵੈਸੇ ਤਾਂ ਭਾਰਤੀ ਸੰਸਕ੍ਰਿਤੀ ਵਿੱਚ ਹਰ ਦਿਨ ਕੋਈ ਨਾ ਕੋਈ ਵਿਸ਼ੇਸ਼ ਸਥਾਨ ਅਤੇ ਵਿਲੱਖਣ ਅਹਿਮੀਅਤ ਰੱਖਦਾ ਹੈ। ਬਹੁਤ ਸਾਰੇ ਤਿਉਹਾਰ ਸਾਡੀਆਂ ਪੁਰਾਤਨ ਪ੍ਰੰਪਰਾਵਾਂ ਨਾਲ ? ਜੁੜੇ ਹੋਏ ਹਨ ।ਕਈ ਤਿਉਹਾਰ ਸਾਡੇ ਪੁਰਖਿਆਂ ਦੇ ਵੇਲ ? ਤੋਂ ਪੀੜ੍ਹੀ ਦਰ ਪੀੜ੍ਹੀ ਚੱਲੇ ਆ ਰਹੇ ਹਨ ਅਤੇ ਕਈ ਤਿਉਹਾਰ ਵੱਖ ਵੱਖ ਧਰਮਾਂ ਅਤੇ ਸੱਭਿਆਚਾਰਾਂ ਨਾਲ ? ਜੁੜੇ ਹੋਏ ਹਨ। ਵਿਸ਼ਵੀਕਰਨ ਹੋਣ ਨਾਲ ਪੱਛਮੀ ਸਭਿਅਤਾ ਦੇ ਕੁਝ ਤਿਉਹਾਰਾਂ ਨੇ ਭਾਰਤੀ ਸੰਸਕ੍ਰਿਤੀ ਵਿੱਚ ਸ਼ਮੂਲੀਅਤ ਕੀਤੀ ਹੈ। 'ਨਿਊ ਯੀਅਰ ਈਵ',ਵੈਲੇਨਟਾਈਨ ਡੇ, ਮਾਂ ਦਿਵਸ,ਪਿਤਾ ਦਿਵਸ,ਧੀ ਦਿਵਸ, ਪਰਿਵਾਰ ਦਿਵਸ, ਗ੍ਰੈਂਡ ਪੇਰੇਂਟਸ ਦਿਵਸ, ਮਾਂ ਬੋਲੀ ਦਿਵਸ ਆਦਿਕ ਤਿਉਹਾਰਾਂ ਦੀ ਆਮਦ ਕੁਝ ਸਮਾਂ ਪਹਿਲਾਂ ਹੀ ਹੋਈ ਹੈ। ਇਹਨਾਂ ਵਿੱਚੋਂ ਕੁਝ ਤਿਉਹਾਰ ਤਾਂ ਅੰਤਰਰਾਸ਼ਟਰੀ ਪੱਧਰ ਤੇ ਪ੍ਰਮਾਣਿਤ ਤਿਉਹਾਰ ਹਨ ਜਿਨ੍ਹਾਂ ਦੇ ਕੋਈ ਨਾ ਕੋਈ ਪਿਛੋਕੜ ਜਾਂ ਕੋਈ ਨਾ ਕੋਈ ਮਕਸਦ ਨੂੰ ਮੁੱਖ ਰੱਖ ਕੇ ਮਨਾਇਆ ਜਾਂਦਾ ਹੈ।

ਇੱਕ ਦਿਨ ਵਿੱਚ ਕਿਸੇ ਖਾਸ ਰਿਸ਼ਤੇ ਨੂੰ ਕਿਵੇਂ ਮਨਾਇਆ ਜਾ ਸਕਦਾ ਹੈ ਜਦ ਕਿ ਉਹ ਰਿਸ਼ਤਾ ਅਸੀਂ ਹਰ ਰੋਜ਼ ਨਿਭਾ ਰਹੇ ਹੁੰਦੇ ਹਾਂ। ਪਰਿਵਾਰਿਕ ਰਿਸ਼ਤਿਆਂ ਨਾਲ ? ਜੁੜੇ ਇਹ ਤਿਉਹਾਰ ਆਖ਼ਰ ਨੂੰ ਨਿਰਾ ਦਿਖਾਵਾ ਹੋ ਨਿਬੜਦੇ ਹਨ। ਚਾਹੇ ਸਾਰਾ ਸਾਲ ਇਹਨਾਂ ਰਿਸ਼ਤਿਆਂ ਵਿੱਚ ਸਤਿਕਾਰ ਜਾਂ ਪਿਆਰ ਦੀ ਕਮੀ ਰਹੀ ਹੋਵੇ ਪਰ ਇੱਕ ਨਿਸ਼ਚਿਤ ਦਿਨ ਨੂੰ ਮਨਾਉਣ ਲਈ ਸੋਸ਼ਲ ਮੀਡੀਆ ਦਾ ਸਹਾਰਾ ਲਿਆ ਜਾਂਦਾ ਹੈ। ਜਿਹੜੇ ਬੱਚੇ ਆਪਣੇ ਮਾਪਿਆਂ ਦਾ ਕਹਿਣਾ ਮੰਨਣ ਵਿੱਚ ਹਰ ਵੇਲੇ ਆਨਾਕਾਨੀ ਕਰਦੇ ਹੋਣ, ਉਹਨਾਂ ਦੁਆਰਾ ਦਿੱਤੀਆਂ ਸਿੱਖਿਆਵਾਂ ਨੂੰ ਛਿੱਕੂ ਵਿੱਚ ਪਾ ਟੰਗਦੇ ਰਹੇ ਹੋਣ, ਆਪਣੇ ਵੱਡਿਆਂ ਦੇ ਦੱਸੇ ਮਾਰਗ ਤੇ ਚੱਲਣ ਦੀ ਬਿਜਾਏ ਉਸ ਤੋਂ ਉਲਟ ਰਸਤਾ ਅਪਣਾਉਂਦੇ ਰਹੇ ਹੋਣ,ਘਰ ਵਿੱਚ ਮਾਪਿਆਂ ਨਾਲ ? ਜ਼ੁਬਾਨ ਲੜਾਉਂਦੇ ਹੋਣ,ਉਹੀ ਬੱਚੇ ਮਾਂ ਜਾਂ ਪਿਤਾ ਦਿਵਸ ਨੂੰ ਮਨਾ ਕੇ ਸੋਸ਼ਲ ਮੀਡੀਆ ਰਾਹੀਂ ਇਸ ਤਰ੍ਹਾਂ ਪ੍ਰਦਰਸ਼ਿਤ ਕਰਦੇ ਹਨ ਜਿਵੇਂ ਉਹਨਾਂ ਜਿੰਨਾਂ ਆਗਿਆਕਾਰੀ ਸਪੁੱਤਰ ਜਾਂ ਸਪੁੱਤਰੀ ਦੁਨੀਆਂ ਵਿੱਚ ਹੋ ਹੀ ਨਹੀਂ ਸਕਦਾ। ਮਾਪੇ ਤਾਂ ਅਕਸਰ ਮਾਪੇ ਹੀ ਹੁੰਦੇ ਹਨ, ਉਹ ਇਸ ਇੱਕ ਦਿਨ ਦੇ ਸਤਿਕਾਰ ਨੂੰ ਵੀ ਖਿੜੇ ਮੱਥੇ ਸਵੀਕਾਰਦੇ ਹਨ ਤੇ ਬੱਚਿਆਂ ਨੂੰ ਇਹ ਤਿਉਹਾਰ ਮਨਾਉਣ ਵਿੱਚ ਯੋਗਦਾਨ ਪਾਉਂਦੇ ਹਨ। ਇਸੇ ਤਰ੍ਹਾਂ ਗ੍ਰੈਂਡ ਪੇਰੈਂਟਸ ਡੇ ਵਾਲ ? ਦਿਨ ਉਹ ਮਾਪੇ ਆਪਣੇ ਬੱਚਿਆਂ ਤੋਂ ਆਪਣੇ ਦਾਦੇ ਦਾਦੀਆਂ ਨੂੰ ਵਧੀਆ ਵਧੀਆ ਤੋਹਫ਼ੇ ਦਿਵਾ ਕੇ ਲੋਕ ਵਿਖਾਵਾ ਕਰਦੇ ਹਨ,ਜਿਹੜੇ ਸਾਰਾ ਸਾਲ ਆਪਣੇ ਬਜ਼ੁਰਗਾਂ ਨੂੰ ਤਾਹਨੇ ਮਿਹਣੇ ਮਾਰਦੇ ਰਹੇ ਹੋਣ ਤੇ ਉਨ੍ਹਾਂ ਦੀਆਂ ਮੁੱਖ ਜ਼ਰੂਰਤਾਂ ਨੂੰ ਅਣਦੇਖਿਆ ਕਰਦੇ ਰਹੇ ਹੋਣ। ਜਿਹੜੇ ਪਰਿਵਾਰ ਦੇ ਚਾਰ ਜੀਅ ਸਾਰਾ ਸਾਲ ਕਦੇ ਆਪਸ ਵਿੱਚ ਸਿੱਧੇ ਮੂੰਹ ਗੱਲ ਨਾ ਕਰਦੇ ਰਹੇ ਹੋਣ,ਇੱਕ ਦੂਜੇ ਨੂੰ ਸਮਾਂ ਨਾ ਦੇਣ, ਇੱਕ ਦੂਜੇ ਦੀ ਗੱਲ ਮੰਨਣ ਨੂੰ ਤਿਆਰ ਨਾ ਹੋਣ,ਉਹੀ ਲੋਕ ਪਰਿਵਾਰ ਦਿਵਸ ਦੇ ਮੌਕੇ ਚੰਦ ਫ਼ੋਟੋਆਂ ਰਾਹੀਂ ਆਪਣੇ ਆਪ ਨੂੰ ਦੁਨੀਆਂ ਦਾ ਸਭ ਤੋਂ ਖ਼ੁਸ਼ਹਾਲ ਪਰਿਵਾਰ ਹੋਣ ਦਾ ਵਿਖਾਵਾ ਕਰਦੇ ਦਿਸਦੇ ਹਨ। ਮਾਂ ਬੋਲੀ ਦਿਵਸ ਨੂੰ ਸਰਕਾਰਾਂ ਵੱਡੇ ਵੱਡੇ ਦਾਅਵਿਆਂ ਅਤੇ ਵਾਅਦਿਆਂ ਨਾਲ ਲੱਖਾਂ ਰੁਪਏ ਖ਼ਰਚ ਕੇ ਵੱਡੇ ਵੱਡੇ ਸਮਾਗਮ ਕਰਵਾਉਂਦੀਆਂ ਹਨ, ਵੱਡੀਆਂ ਵੱਡੀਆਂ ਭਵਿੱਖੀ ਯੋਜਨਾਵਾਂ ਤਿਆਰ ਕੀਤੀਆਂ ਜਾਂਦੀਆਂ ਹਨ,ਪਰ ਬਾਕੀ ਦੇ ਤਿੰਨ ਸੌ ਚੌਂਹਠ ਦਿਨ ਇਹ ਸਭ ਕੁਝ ਖੋਖਲਾ ਹੋ ਨਿਬੜਦਾ ਹੈ।

ਦਿਨ ਤਿਉਹਾਰ ਮਨਾਉਣਾ ਬਹੁਤ ਚੰਗੀ ਗੱਲ ਹੈ ।ਇਸ ਨਾਲ ਸਾਰਿਆਂ ਅੰਦਰ ਇੱਕ ਨਵਾਂ ਉਤਸ਼ਾਹ ਤੇ ਜੋਸ਼ ਪੈਦਾ ਹੁੰਦਾ ਹੈ। ਕੁਝ ਸਮਾਂ ਖ਼ੁਸ਼ੀਆਂ ਖੇੜਿਆਂ ਨਾਲ ਭਰਪੂਰ ਬਣ ਜਾਂਦਾ ਹੈ। ਪਰ ਇਸ ਤੋਂ ਵੀ ਉੱਪਰ ਉਸ ਦਿਨ ਤਿਉਹਾਰ ਨੂੰ ਮਨਾਉਣ ਦੇ ਮਕਸਦ ਬਾਰੇ ਕਦੇ ਸੋਚਿਆ ਹੈ ਕਿ ਇਹ ਤਿਉਹਾਰ ਮਨਾਉਣ ਦਾ ਅਸਲੀ ਕਾਰਨ ਕੀ ਹੈ ? ਅੰਤਰਰਾਸ਼ਟਰੀ ਸੰਸਥਾਵਾਂ ਵੱਲੋਂ ਇੱਕ ਦਿਨ ਤਾਂ ਸਿਰਫ਼ ਜਾਗਰੂਕ ਕਰਨ ਲਈ ਰੱਖਿਆ ਜਾਂਦਾ ਹੈ ਤਾਂ ਜੋ ਇਸ ਦਿਨ ਦੇ ਪਿਛੋਕੜ ਅਤੇ ਅਹਿਮੀਅਤ ਨੂੰ ਸਮਝਿਆ ਜਾਵੇ ਅਤੇ ਪੂਰਾ ਸਾਲ ਉਸ ਉਪਰ ਅਮਲ ਕੀਤਾ ਜਾਵੇ ਪਰ ਸਾਡੇ ਦੇਸ਼ ਵਿੱਚ ਇਸ ਤੋਂ ਉਲਟ ਹੁੰਦਾ ਹੈ।

ਪਹਿਲਾਂ ਪਹਿਲ ਰਿਸ਼ਤਿਆਂ ਜਾਂ ਭਾਸ਼ਾਵਾਂ ਨਾਲ ? ਜੁੜੇ ਨਾ ਕੋਈ ਦਿਨ ਤਿਉਹਾਰ ਨਿਸ਼ਚਿਤ ਕੀਤੇ ਗਏ ਸਨ ਤੇ ਨਾ ਹੀ ਲੋਕਾਂ ਨੂੰ ਇਹਨਾਂ ਗੱਲਾਂ ਬਾਰੇ ਕੋਈ ਬਹੁਤੀ ਜਾਣਕਾਰੀ ਸੀ ਤੇ ਨਾ ਹੀ ਉਦੋਂ ਕੋਈ ਸੋਸ਼ਲ ਮੀਡੀਆ ਸੀ ਜਿਸ ਰਾਹੀਂ ਉਹ ਲੋਕ ਵਿਖਾਵਾ ਕਰ ਸਕਦੇ। ਪਰ ਉਦੋਂ ਰਿਸ਼ਤੇ ਸੱਚੇ ਸਨ, ਭਾਵਨਾਵਾਂ ਪਵਿੱਤਰ ਸਨ ,ਦਿਲ ਵਿੱਚ ਸਭ ਲਈ ਸਤਿਕਾਰ ਤੇ ਪਿਆਰ ਸੀ। ਉਦੋਂ ਹਰ ਦਿਨ ਹੀ ਰਿਸ਼ਤਿਆਂ ਦੇ ਸਤਿਕਾਰ ਦਾ ਤਿਉਹਾਰ ਹੁੰਦਾ ਸੀ,ਹਰ ਦਿਨ ਹੀ ਆਪਣੀ ਵਿਰਾਸਤ ਅਤੇ ਸਭਿਆਚਾਰ ਨੂੰ ਸਮਰਪਿਤ ਹੁੰਦਾ ਸੀ। ਹਰ ਰਿਸ਼ਤੇ ਵਿੱਚ ਅਪਣੱਤ ਦੀ ਭਾਵਨਾ ਸੀ, ਆਪਣਿਆਂ ਦੇ ਦਰਦ ਨੂੰ ਆਪਣਾ ਦਰਦ ਤੇ ਆਪਣਿਆਂ ਦੀ ਖ਼ੁਸ਼ੀ ਵਿੱਚ ਆਪਣੀ ਖ਼ੁਸ਼ੀ ਸਮਝਿਆ ਜਾਂਦਾ ਸੀ। ਪੁਰਾਤਨ ਸਮਿਆਂ ਦੀਆਂ ਰਿਸ਼ਤਿਆਂ ਪ੍ਰਤੀ ਸੱਚੀਆਂ ਮੁਹੱਬਤਾਂ ਤੇ ਭਾਵਨਾਵਾਂ ਨੂੰ ਵੇਖ ਕੇ ਤਾਂ ਰਿਸ਼ਤਿਆਂ ਨੂੰ ਸਮਰਪਿਤ ਇੱਕ ਦਿਨ ਦੇ ਸਤਿਕਾਰ ਵਾਲ ? ਤਿਉਹਾਰ ਨਿਰਾ ਦਿਖਾਵਾ ਹੀ ਲੱਗਦੇ ਹਨ।

**ਬਰਜਿੰਦਰ ਕੌਰ ਬਿਸਰਾਓ...**
9988901324

# ਪੰਜਾਬ ਦੀਆਂ ਪੈਲੀਆਂ 'ਚ ਹੜ੍ਹਾਂ ਦੇ ਜ਼ਖਮ ਹਾਰੇ !



ਪਿਛਲੇ ਸਾਲ ਆਏ ਹੜ੍ਹਾਂ ਨੇ ਪੰਜਾਬ ਦੇ ਅੰਦਰ ਕਿੰਨੀ ਤਬਾਹੀ ਮਚਾਈ, ਉਸ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਮੁਸ਼ਕਲ ਹੈ। ਪੰਜਾਬ, ਜਿਸ ਨੇ ਹਮੇਸ਼ਾ ਹੀ ਆਪਣੇ ਪਿੰਡੇ 'ਤੇ ਅਨੇਕਾਂ ਮੁਸੀਬਤਾਂ ਝੱਲੀਆਂ ਨੇ, ਪਰ ਹੜ੍ਹਾਂ ਵਰਗੀ ਮੁਸੀਬਤ ਨੇ ਕਿਸਾਨਾਂ ਨੂੰ ਪੂਰੀ ਤਰ੍ਹਾਂ ਦੇ ਨਾਲ ਨਿਚੋੜ ਕੇ ਰੱਖ ਦਿੱਤਾ। ਕਿਸਾਨਾਂ ਸਮੇਤ ਆਮ ਲੋਕਾਂ ਨੇ ਇਹਨਾਂ ਹੜ੍ਹਾਂ ਦੀ ਮਾਰ ਝੱਲੀ, ਪਰ ਅਫ਼ਸੋਸ ਇਸ ਗੱਲ ਦਾ ਹੈ ਕਿ, ਨਾ ਤਾਂ ਇਸ ਦੇ ਵਿੱਚ ਸਰਕਾਰਾਂ ਨੇ ਕੁੱਝ ਕੀਤਾ ਅਤੇ ਨਾ ਹੀ ਸਿਸਟਮ ਨੇ। ਕਿਸਾਨਾਂ ਦੀਆਂ ਪੈਲੀਆਂ ਵਿੱਚ ਕਈ-ਕਈ ਫੁੱਟ ਰੇਤ ਜੰਮ ਗਈ ਅਤੇ ਉਹ ਰੇਤ ਨੇ ਕਿਸਾਨਾਂ ਦੀਆਂ ਪੈਲੀਆਂ ਨੂੰ ਪੂਰੀ ਤਰੀਕੇ ਦੇ ਨਾਲ ਖ਼ਤਮ ਕਰ ਦਿੱਤਾ। ਕਈ ਥਾਵਾਂ 'ਤੇ ਤਾਂ ਕਿਸਾਨ ਹੜ੍ਹਾਂ ਦੇ ਕਾਰਨ ਕਣਕ ਵੀ ਨਹੀਂ ਬੀਜ ਸਕੇ, ਕਿਉਂਕਿ ਕਿਸਾਨਾਂ ਕੋਲ ਇੰਨਾ ਪੈਸਾ ਹੀ ਨਹੀਂ ਸੀ ਕਿ, ਉਹ ਆਪਣੀ ਪੈਲੀ ਵਿੱਚੋਂ ਰੇਤ ਚੁੱਕ ਪਾਉਂਦੇ। ਵੱਡੇ ਪੱਧਰ 'ਤੇ ਹੜ੍ਹਾਂ ਦੀ ਮਾਰ ਸਰਹੱਦੀ ਇਲਾਕਿਆਂ ਨੂੰ ਹੀ ਝੱਲਣੀ ਪਈ। ਸਰਹੱਦੀ ਇਲਾਕੇ ਜਿਹੜੇ ਪਿਛਲੇ ਸਾਲ 2025 ਵਿੱਚ ਹੀ ਜੰਗ ਦੀ ਮਾਰ ਹੇਠਾਂ ਆਏ ਸਨ, ਉਨ੍ਹਾਂ ਨੂੰ ਕੁੱਝ ਮਹੀਨੇ ਬਾਅਦ ਹੀ ਕਥਿਤ ਤੌਰ 'ਤੇ ਸਰਕਾਰਾਂ ਦੁਆਰਾ ਪੈਦਾ ਕੀਤੇ ਗਏ 'ਹੜ੍ਹਾਂ' ਦੇ ਕਾਰਨ ਮਾਰ ਝੱਲਣੀ ਪਈ।

ਮਸਲਾ ਭਾਵੇਂ ਕੋਈ ਵੀ ਹੋਵੇ, ਪਰ ਮਰਦਾ ਆਖ਼ਿਰ ਕਿਸਾਨ ਹੀ ਹੈ। ਹੜ੍ਹਾਂ ਦੇ ਵਿੱਚ ਜਿੱਥੇ ਆਮ ਪਬਲਿਕ ਦਾ ਤਾਂ ਨੁਕਸਾਨ ਹੋਇਆ ਹੀ, ਉੱਥੇ ਹੀ ਜਿਹੜੀ ਰਿਪੋਰਟ ਹੁਣ ਸਾਹਮਣੇ ਆਈ ਹੈ, ਉਸ ਨੇ ਸਭਨਾਂ ਨੂੰ ਹੈਰਾਨ ਕਰਕੇ ਰੱਖ ਦਿੱਤਾ ਹੈ। ਜਿਨ੍ਹਾਂ ਇਲਾਕਿਆਂ ਦੇ ਵਿੱਚ ਹੜ੍ਹਾਂ ਨੇ ਦਸਤਕ ਦਿੱਤੀ ਸੀ, ਉਨ੍ਹਾਂ ਇਲਾਕਿਆਂ ਦੇ ਵਿੱਚ ਹਾਲੇ ਵੀ ਹੜ੍ਹਾਂ ਦੇ ਜ਼ਖਮ ਅੱਲੇ ਨੇ ਜਾਂ ਫਿਰ ਇਹ ਕਹਿ ਲਓ ਕਿ ਖੇਤਾਂ ਵਿੱਚ ਹੜ੍ਹਾਂ ਦੇ ਜ਼ਖਮ ਹਾਲੇ ਹਰੇ ਪਏ ਨੇ। ਹੜ੍ਹਾਂ ਦੇ ਕਹਿਰ ਦੇ ਚੱਲਦਿਆਂ ਪੰਜਾਬ ਦੇ ਖੇਤਾਂ ਵਿੱਚ ਇਸ ਵੇਲੇ ਹਰਿਆਲੀ ਨਹੀਂ, ਬਲਕਿ ਬਹੁਤੀ ਜਗ ?ਹਾ 'ਤੇ ਰੇਤ ਹੀ ਨਜ਼ਰ ਆਉਂਦੀ ਹੈ।

ਪਿਛਲੇ ਸਾਲ ਆਏ ਹੜ੍ਹਾਂ ਨੇ ਪੰਜਾਬ ਦੇ ਵੱਡੇ ਹਿੱਸੇ ਨੂੰ ਆਪਣੀ ਲਪੇਟ ਵਿੱਚ ਲਿਆ ਸੀ। ਕਰੀਬ 5 ਲੱਖ ਖੜ੍ਹੀ ਝੋਨੇ ਦੀ ਫ਼ਸਲ ਨੂੰ ਬਰਬਾਦ ਕਰਕੇ ਰੱਖ ਦਿੱਤਾ ਸੀ। ਸੂਬੇ ਦੇ ਕੋਈ 2500 ਪਿੰਡ ਹੜ੍ਹਾਂ ਦੇ ਕਾਰਨ ਪ੍ਰਭਾਵਿਤ ਹੋਏ ਸਨ ਅਤੇ ਲਗਭਗ ਇਸ ਵਿੱਚ 4 ਲੱਖ ਦੇ ਕਰੀਬ ਲੋਕ ਸਨ। ਹੜ੍ਹਾਂ ਦੇ ਦੌਰਾਨ 50 ਤੋਂ ਵੱਧ ਲੋਕਾਂ ਦੀ ਜਾਨ ਚਲੀ ਗਈ ਸੀ, ਜੋ ਕਿ ਸਰਕਾਰੀ ਅੰਕੜਾ ਹੈ, ਪਰ ਜੇਕਰ ਇਸ ਅੰਕੜੇ ਤੋਂ ਬਾਹਰ ਜਾ ਕੇ ਵੇਖੀਏ ਤਾਂ ਗਿਣਤੀ ਸੈਂਕੜੇ ਤੋਂ ਵੀ ਪਾਰ ਹੈ। ਫ਼ਿਰੋਜ਼ਪੁਰ, ਫ਼ਾਜ਼ਿਲਕਾ, ਗੁਰਦਾਸਪੁਰ, ਪਠਾਨਕੋਟ, ਰੂਪਨਗਰ ਅਤੇ ਅੰਮ੍ਰਿਤਸਰ ਦੇ ਕੁੱਝ ਹਿੱਸਿਆਂ ਵਿੱਚ ਹੜ੍ਹਾਂ ਨੇ ਤਬਾਹੀ ਮਚਾਈ। ਤਾਜ਼ਾ ਰਿਪੋਰਟ ਇਹ ਕਹਿੰਦੀ ਹੈ ਕਿ ਫ਼ਿਰੋਜ਼ਪੁਰ, ਫ਼ਾਜ਼ਿਲਕਾ ਅਤੇ ਗੁਰਦਾਸਪੁਰ ਦੇ ਬਹੁ-ਗਿਣਤੀ ਇਲਾਕੇ ਜਿਹੜੇ ਦਰਿਆਵਾਂ ਦੇ ਨਾਲ ਲੱਗਦੇ ਨੇ, ਉਨ੍ਹਾਂ ਇਲਾਕਿਆਂ ਦੇ ਵਿੱਚ ਖੇਤ ਦੀ ਮੋਟੀ ਪਰਤ ਹਾਲੇ ਵੀ ਜੰਮੀ ਪਈ ਹੈ। ਬਹੁ-ਗਿਣਤੀ ਕਿਸਾਨ ਤਾਂ ਕਣਕ ਦੀ ਫ਼ਸਲ ਹੀ ਨਹੀਂ ਬੀਜ ਸਕੇ, ਜਿਸ ਦੇ ਕਾਰਨ ਉਨ੍ਹਾਂ ਕੋਲ ਖਾਣ ਲਈ ਦਾਣੇ ਵੀ ਨਹੀਂ ਨੇ। ਬੇਸ਼ੱਕ ਸਰਕਾਰੀ ਅੰਕੜੇ ਕੁੱਝ ਵੀ ਕਹਿੰਦੇ ਹੋਣ, ਪਰ ਅਸਲੀਅਤ ਇਹੋ ਹੈ ਕਿ ਪੰਜਾਬ ਵਿੱਚ ਇਸ ਵਾਰ ਜਿੱਥੇ ਬੇਮੌਸਮੀ ਬਰਸਾਤ ਨੇ ਕਈ ਕਿਸਾਨਾਂ ਨੂੰ ਝੰਬਿਆ ਅਤੇ ਕਣਕਾਂ ਦੇ ਝਾੜ 'ਤੇ ਅਸਰ ਪਾਇਆ, ਉੱਥੇ ਹੀ ਹੜ੍ਹਾਂ ਦੀ ਮਾਰ ਝੱਲ ਰਹੇ ਕਿਸਾਨ ਕਣਕਾਂ ਨੂੰ ਵੀ ਤਰਸ ਰਹੇ ਨੇ। ਯਾਨੀ ਕਿ ਖਾਣ ਵਾਸਤੇ ਅਨਾਜ ਨੂੰ ਵੀ ਤਰਸ ਰਹੇ ਨੇ।

ਸਿੱਧੇ ਸ਼ਬਦਾਂ ਵਿੱਚ ਕਹੀਏ ਤਾਂ ਕਿਸਾਨਾਂ ਕੋਲ ਪੈਲੀਆਂ ਤਾਂ ਹਨ, ਪਰ ਅਸਲੀਅਤ ਇਹੋ ਹੈ ਕਿ ਕਿਸਾਨਾਂ ਕੋਲ ਖਾਣ ਵਾਸਤੇ ਦਾਣੇ ਨਹੀਂ ਨੇ। ਸਿੱਧੇ ਸ਼ਬਦਾਂ ਵਿੱਚ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਉਹ ਭੁੱਖੇ ਮਰ ਰਹੇ ਨੇ। ਪੰਜਾਬ ਅਜਿਹਾ ਨਹੀਂ ਹੈ, ਕਿਸਾਨਾਂ ਦੀ ਇੱਧਰੋਂ ਉਧਰੋਂ ਲੋਕ ਮਦਦ ਤਾਂ ਹੋ ਰਹੀ ਹੈ, ਪਰ ਜਿਹੜੀਆਂ ਜ਼ਮੀਨਾਂ ਦੇ ਮਾਲਕ ਸੀ ਜਾਂ ਮਾਲਕ ਨੇ, ਉਹ ਜ਼ਮੀਨਾਂ ਇਸ ਵੇਲੇ ਸਿੱਧੇ ਤੌਰ 'ਤੇ ਆਖ ਲਈਏ ਤਾਂ ਉਸ ਪਹਾੜੀ ਰੇਤ ਦੀ ਲਪੇਟ ਵਿੱਚ ਨੇ, ਜਿਹੜੀ ਹੜ੍ਹਾਂ ਦੇ ਕਾਰਨ ਵਹਿ ਕੇ ਨਾਲ ਆਈ ਸੀ। ਪੰਜਾਬ ਸਰਕਾਰ ਦੁਆਰਾ ਸਾਂਝੀ ਕੀਤੀ ਗਈ ਰਿਪੋਰਟ ਦੇ ਮੁਤਾਬਿਕ, ਇਸ ਵਾਰ ਕਣਕ ਦੀ ਆਮਦ ਅਤੇ ਖ਼ਰੀਦ 123.47 ਲੱਖ ਮੀਟਰਿਕ ਟਨ ਦੇ ਟੀਚੇ ਨੂੰ ਪਾਰ ਕਰ ਚੁੱਕੀ ਹੈ।

**ਗੁਰਪ੍ਰੀਤ 9569820314**

ਦੂਜੇ ਪਾਸੇ, ਜੇਕਰ ਪਿਛਲੀਆਂ ਰਿਪੋਰਟਾਂ 'ਤੇ ਨਿਗਾਹ ਮਾਰੀਏ ਤਾਂ ਪਿਛਲੇ ਸਾਲ ਡੇਢ ਲੱਖ ਮੀਟਰਿਕ ਟਨ ਕਣਕ ਦੀ ਖ਼ਰੀਦ ਅਤੇ ਆਮਦਨ ਹੋਈ ਸੀ। ਦੱਸਦੇ ਚੱਲੀਏ ਕਿ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਪਿਛਲੇ ਸਾਲ ਪੰਜਾਬ ਸਰਕਾਰ ਨੇ ਆਪਣਾ ਸਰਵੇ ਕਰਕੇ 13,800 ਕਰੋੜ ਰੁਪਏ ਦਾ ਅਨੁਮਾਨ ਲਗਾਇਆ ਸੀ ਅਤੇ ਕੇਂਦਰ ਕੋਲੋਂ ਵਿਸ਼ੇਸ਼ ਰਾਹਤ ਪੈਕੇਜ ਦੀ ਮੰਗ ਕੀਤੀ ਸੀ। ਕਿਸਾਨਾਂ ਨੂੰ ਰਾਹਤ ਦੇਣ ਵਾਸਤੇ ਖੇਤਾਂ ਵਿੱਚੋਂ ਰੇਤ ਚੁਕਵਾਉਣ ਲਈ ਇੱਕ ਪਾਲਿਸੀ ਵੀ ਪੰਜਾਬ ਸਰਕਾਰ ਨੇ ਲਿਆਂਦੀ। ਉਸ ਪਾਲਿਸੀ ਦੇ ਤਹਿਤ ਕਿਸਾਨ ਆਪਣੀ ਜ਼ਮੀਨ ਵਿੱਚੋਂ ਰੇਤ ਚੁੱਕ ਸਕਦੇ ਸਨ, ਪਰ ਉਸ ਵੇਲੇ ਵੱਡੀ ਸਮੱਸਿਆ ਇਹ ਸੀ ਕਿ ਜਿਨ੍ਹਾਂ ਕਿਸਾਨਾਂ ਦੇ ਕੋਲ ਆਪਣੇ ਟਰੈਕਟਰ ਨਹੀਂ ਨੇ, ਉਹ ਕਿਸਾਨ ਆਪਣੀ ਖੇਤ ਵਿੱਚੋਂ ਰੇਤ ਕਿਵੇਂ ਚੁੱਕਣਗੇ ?

ਜਿਹੜੇ ਸਰਕਾਰੀ ਤੌਰ 'ਤੇ ਟਰੈਕਟਰ ਜਾਂ ਫਿਰ ਜੇ.ਸੀ.ਬੀ ਮਸ਼ੀਨਾਂ ਲੱਗੀਆਂ ਸਨ, ਉਨ੍ਹਾਂ ਨੇ ਵੀ ਆਪਣੇ ਸੱਜੇ ਖੱਬੇ ਕਰੀਬੀਆਂ ਦੀਆਂ ਜ਼ਮੀਨਾਂ ਵਿੱਚੋਂ ਹੀ ਰੇਤ ਚੁੱਕੀ, ਜਦੋਂ ਕਿ ਬਹੁ-ਗਿਣਤੀ ਗ਼ਰੀਬ ਅਤੇ ਛੋਟੇ ਕਿਸਾਨ ਚਾਰ ਪੰਜ ਕਿੱਲਿਆਂ ਵਾਲੇ ਆਪਣੀਆਂ ਪੈਲੀਆਂ 'ਚੋਂ ਰੇਤ ਚੁਕਾਉਣ ਤੋਂ ਵਾਂਝੇ ਰਹਿ ਗਏ। ਇਸ ਵੇਲੇ ਜਿਹੜੀ ਵੱਡੀ ਸਮੱਸਿਆ ਸਾਹਮਣੇ ਆ ਰਹੀ ਹੈ, ਉਹ ਇਹ ਹੈ ਕਿ ਕਿਸਾਨਾਂ ਦੇ ਕੋਲ ਖਾਣ ਵਾਸਤੇ ਦਾਣੇ ਵੀ ਨਹੀਂ ਹਨ। ਕਿਸਾਨ ਕਹਿ ਰਹੇ ਨੇ ਕਿ ਉਨ੍ਹਾਂ ਦੇ ਕੋਲ ਜ਼ਮੀਨ ਹੋਣ ਦੇ ਬਾਵਜੂਦ ਉਹ ਇਸ ਵਾਰ ਕਣਕ ਹੀ ਨਹੀਂ ਬੀਜ ਸਕੇ। ਹੋਰ ਤੇ ਹੋਰ ਸਮੱਸਿਆ ਇੱਥੇ ਤੱਕ ਆਣ ਖੜੀ ਹੈ ਕਿ ਕਿਸਾਨ ਜਿੱਥੇ ਆੜ੍ਹਤੀਆਂ ਦੇ ਕੋਲੋਂ ਪਹਿਲਾਂ ਕਰਜ਼ੇ ਦੇ ਰੂਪ ਵਿੱਚ ਪੈਸੇ ਲੈਂਦੇ ਹੁੰਦੇ ਸਨ, ਉੱਥੇ ਹੀ ਹੁਣ ਉਹ (ਕਿਸਾਨ) ਕਰਜ਼ੇ ਦੇ ਰੂਪ ਵਿੱਚ ਆੜ੍ਹਤੀਆਂ ਕੋਲੋਂ ਕਣਕ ਲੈ ਕੇ ਜਾ ਰਹੇ ਹਨ।

ਬਹੁ-ਗਿਣਤੀ ਜਗ ?ਹਾ 'ਤੇ ਲਿਫ਼ਟਿੰਗ ਪੂਰੀ ਹੋਣ ਦੇ ਕਾਰਨ ਕਿਸਾਨਾਂ ਨੂੰ ਕਣਕ ਵੀ ਨਹੀਂ ਮਿਲ ਰਹੀ। ਕਿਸਾਨ ਕਹਿ ਰਹੇ ਨੇ ਕਿ ਜ਼ਮੀਨਾਂ ਵਿੱਚ ਰੇਤ ਜੰਮੀ ਹੋਣ ਦੇ ਕਾਰਨ ਉਨ੍ਹਾਂ ਨੇ ਉੱਪਰਲੀ ਪਰਤ 'ਤੇ ਕਣਕ ਉਗਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਹ ਸੜ ਬਲ ਗਈ। ਕੁੱਝ ਮਰਲੇ ਜਿਹੜੀ ਕਣਕ ਬਚੀ ਵੀ, ਉਸ 'ਤੇ ਮੌਸਮ ਦੀ ਮਾਰ ਪੈ ਗਈ। ਹੁਣ ਸਮੱਸਿਆ ਇੱਥੇ ਆ ਕੇ ਖੜ੍ਹ ਗਈ ਹੈ ਕਿ ਜ਼ਮੀਨਾਂ ਵਾਲੇ ਲੋਕ ਆਖ਼ਰ ਕਿੱਥੋਂ ਮੰਗ ਕੇ ਖਾਣਗੇ ? ਇਹ ਕਹਾਣੀ ਇਕੱਲੇ ਫ਼ਿਰੋਜ਼ਪੁਰ, ਫ਼ਾਜ਼ਿਲਕਾ, ਗੁਰਦਾਸਪੁਰ, ਪਠਾਨਕੋਟ ਦੀ ਨਹੀਂ, ਬਲਕਿ ਪੰਜਾਬ ਦੇ ਬਹੁਗਿਣਤੀ ਹੜ੍ਹ ਪ੍ਰਭਾਵਿਤ ਇਲਾਕਿਆਂ ਦੀ ਹੈ। ਜਿਹੜੇ ਇਲਾਕੇ ਹੜ੍ਹਾਂ ਦੀ ਮਾਰ ਹੇਠ ਆਏ ਸਨ, ਉਹ ਅੱਜ ਵੀ ਪਰੇਸ਼ਾਨ ਨੇ ਅਤੇ ਬਹੁਤੇ ਲੋਕ ਤਾਂ ਇਹਨਾਂ ਹੜ੍ਹਾਂ ਦੀਆਂ ਗੱਲਾਂ ਸੁਣ ਕੇ ਹੀ ਰੋ ਪੈਂਦੇ ਨੇ।

ਖ਼ੈਰ, ਵੇਖਿਆ ਜਾਵੇ ਤਾਂ ਭਾਵੇਂ ਪੰਜਾਬ ਦਾ ਅੰਨਦਾਤਾ ਅਖਵਾਉਣ ਵਾਲਾ ਹਮੇਸ਼ਾ ਆਪਣੇ ਚਿਹਰੇ 'ਤੇ ਦੁੱਖਾਂ ਦੇ ਹੋਣ ਦੇ ਬਾਵਜੂਦ ਪੀੜਾ ਸਾਹਮਣੇ ਨਹੀਂ ਲੈ ਕੇ ਆਉਂਦਾ, ਪਰ ਅਸਲ ਕਹਾਣੀ ਇਹੋ ਹੈ ਕਿ ਕਿਸਾਨਾਂ ਕੋਲ ਇਸ ਵੇਲੇ ਖਾਣ ਨੂੰ ਦਾਣੇ ਵੀ ਨਹੀਂ ਨੇ। ਵੱਡੇ ਪੱਧਰ 'ਤੇ ਕਿਸਾਨ ਸਰਕਾਰ ਅਤੇ ਸਮਾਜ ਸੇਵੀ ਸੰਸਥਾਵਾਂ ਤੋਂ ਮੰਗ ਕਰ ਰਹੇ ਨੇ ਕਿ ਖੇਤ ਵਿੱਚੋਂ ਰੇਤ ਹੀ ਹਟਾ ਦਿੱਤੀ ਜਾਵੇ ਤਾਂ ਜੋ ਉਹ ਦੁਬਾਰਾ ਖੇਤੀ ਕਰਨ ਜੋਗੇ ਹੋ ਸਕਣ।

ਪਠਾਨਕੋਟ ਦੇ ਕੁੱਝ ਕਿਸਾਨਾਂ ਨੇ ਦੱਸਿਆ ਕਿ ਸਰਕਾਰ ਨੇ ਭਾਵੇਂ ਹੀ ਖੇਤਾਂ ਵਿੱਚੋਂ ਰੇਤ ਚੁਕਾਉਣ ਦੀਆਂ ਸਕੀਮਾਂ ਚਲਾਈਆਂ, ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਉਨ੍ਹਾਂ ਤੱਕ ਕੋਈ ਵੀ ਸਕੀਮ ਨਹੀਂ ਪਹੁੰਚ ਸਕੀ। ਉਨ੍ਹਾਂ ਨੇ ਆਪਣੀ ਜ਼ਮੀਨ ਵਿੱਚੋਂ ਖ਼ੁਦ ਰੇਤ ਚੁੱਕੀ ਅਤੇ ਫ਼ਸਲ ਉਗਾਉਣ ਦੀ ਕੋਸ਼ਿਸ਼ ਕੀਤੀ, ਪਰ ਹਾਲਾਤ ਇਹ ਬਣੇ ਕਿ ਪਹਾੜੀ ਮਿੱਟੀ ਜੰਮੀ ਹੋਣ ਦੇ ਕਾਰਨ ਜਿੱਥੇ ਉਨ੍ਹਾਂ ਦੀ ਫ਼ਸਲ ਪੂਰੀ ਤਰੀਕੇ ਨਾਲ ਹੋ ਨਹੀਂ ਸਕੀ, ਉੱਥੇ ਹੀ ਮੌਸਮ ਦੀ ਪਈ ਮਾਰ ਨੇ ਉਨ੍ਹਾਂ ਨੂੰ ਉਜਾੜ ਕੇ ਰੱਖ ਦਿੱਤਾ।

ਕਿਸਾਨਾਂ ਦਾ ਕਹਿਣਾ ਹੈ ਕਿ ਜੇਕਰ ਉਹ ਆਪਣੀ ਜ਼ਮੀਨ ਵਿੱਚੋਂ ਰੇਤ ਚੁਕਵਾਉਂਦੇ ਵੀ ਸਨ, ਤਾਂ 15 ਤੋਂ 17 ਹਜ਼ਾਰ ਰੁਪਏ ਖ਼ਰਚ ਆਉਂਦਾ ਸੀ, ਪਰ ਉਹ ਕਰ ਵੀ ਕੀ ਸਕਦੇ ਸਨ, ਅਗਲੀ ਫ਼ਸਲ ਉਗਾਉਣ ਦਾ ਫ਼ਿਕਰ ਸੀ। ਪਰ ਅਗਲੀ ਫ਼ਸਲ ਉਗਾ ਕੇ ਉਹ ਆਪਣੇ ਕਰਜ਼ੇ ਉਤਾਰਦੇ, ਪਰ ਹੋਇਆ ਕੁੱਝ ਇਸ ਤਰ੍ਹਾਂ ਕਿ ਉਨ੍ਹਾਂ ਕੋਲ ਤਾਂ ਆਪਣੇ ਲਈ ਖਾਣ ਨੂੰ ਦਾਣੇ ਨਹੀਂ ਹਨ।

ਮਤਲਬ ਸਾਫ਼ ਹੈ ਕਿ ਇਸ ਵੇਲੇ ਜ਼ਮੀਨਾਂ ਵਾਲਿਆਂ ਨੂੰ ਵੀ ਦਿਹਾੜੀਆਂ ਕਰਨੀਆਂ ਪੈ ਰਹੀਆਂ ਨੇ। ਪੰਜਾਬ ਦੇ ਕਿਸਾਨਾਂ ਦੀ ਅਜਿਹੀ ਹਾਲਤ ਪਹਿਲੀ ਵਾਰ ਦੇਖਣ ਨੂੰ ਮਿਲੀ ਹੈ ਕਿ, ਕਿਸਾਨ ਇਸ ਵੇਲੇ ਭਾਰੀ ਪੀੜਾ ਵਿੱਚੋਂ ਲੰਘ ਰਹੇ ਨੇ। ਕਿਸਾਨ ਜਥੇਬੰਦੀਆਂ ਵੱਡੇ ਪੱਧਰ 'ਤੇ ਪੰਜਾਬ ਦੇ ਬਹੁ ਗਿਣਤੀ ਕਿਸਾਨਾਂ ਦੀ ਮਦਦ ਵੀ ਕਰ ਰਹੀਆਂ ਨੇ, ਪਰ ਜਿਹੜਾ ਕੰਮ ਸਰਕਾਰ ਜਾਂ ਫਿਰ ਰਿਲੀਫ ਫ਼ੰਡ ਦੇ ਜ਼ਰੀਏ ਹੋਣਾ ਹੁੰਦਾ ਹੈ, ਉਹ ਨਹੀਂ ਹੋ ਰਿਹਾ।

ਇੱਕ ਜਾਣਕਾਰੀ ਦੇ ਮੁਤਾਬਿਕ ਸਤਲੁਜ ਦਰਿਆ ਨੇ ਸਸਰਾਲੀ ਵਿਖੇ ਪਿਛਲੇ ਸਾਲ ਕਈ ਏਕੜ ਫ਼ਸਲ ਆਪਣੇ ਵਿੱਚ ਸਮੇਟ ਲਈ ਸੀ। ਦਰਿਆ ਜ਼ਮੀਨ ਖਾ ਗਿਆ ਸੀ। ਭਾਵੇਂ ਕਿ ਵੇਖਣ ਵਿੱਚ ਇੰਝ ਲੱਗਦਾ ਸੀ ਕਿ ਦਰਿਆ ਜ਼ਮੀਨ ਕਿਵੇਂ ਖਾ ਸਕਦਾ ਹੈ, ਅਸਲ ਵਿੱਚ ਦਰਿਆ ਨੇ ਆਪਣਾ ਰਸਤਾ ਨਵਾਂ ਬਣਾ ਲਿਆ ਸੀ, ਜ਼ਮੀਨਾਂ ਦੇ ਵਿੱਚੋਂ ਨਿਕਲੇ ਦਰਿਆ ਦੇ ਨਵੇਂ ਰਸਤੇ ਨੇ ਬਹੁਤ ਗਿਣਤੀ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਹੀ ਖ਼ਤਮ ਕਰ ਦਿੱਤਾ, ਪਰ ਮਾਲ ਵਿਭਾਗ ਦੇ ਰਿਕਾਰਡ ਵਿੱਚੋਂ ਜ਼ਮੀਨਾਂ, ਦਰਿਆ ਦੇ ਵਿੱਚ ਵਹਿ ਗਈਆਂ। ਇਹ ਸਮੱਸਿਆ ਬਹੁਤ ਵੱਡੀ ਹੈ। ਬਾਕੀ ਆਉਣ ਵਾਲੇ ਸਮੇਂ ਵਿੱਚ ਦੇਖਦੇ ਹਾਂ ਕਿ ਕੀ ਬਣਦਾ ਹੈ, ਪਰ ਇਸ ਵੇਲੇ ਅਸਲੀਅਤ ਇਹ ਹੈ ਕਿ ਜ਼ਮੀਨਾਂ ਵਾਲੇ ਕਿਸਾਨ ਵੀ ਰੋਟੀ ਨੂੰ ਤਰਸ ਰਹੇ ਨੇ।

## ਮਿੰਨੀ ਕਹਾਣੀ

# ਚਲਾਨ

ਈਰਾਨ-ਅਮਰੀਕਾ ਵਿਚਕਾਰ ਜੰਗ ਚੱਲ ਰਹੀ ਸੀ। ਕੋਈ ਵੀ ਦੇਸ਼ ਪਿੱਛੇ ਹਟਣ ਨੂੰ ਤਿਆਰ ਨਹੀਂ ਸੀ। ਹਰ ਤਰ੍ਹਾਂ ਦੇ ਸ਼ਾਂਤੀ ਸਮਝੌਤੇ ਅਸਫ਼ਲ ਹੋ ਰਹੇ ਸਨ। ਭਾਰਤ ਸਮੇਤ ਹੋਰ ਦੇਸ਼ਾਂ ਵਿੱਚ ਪੈਟਰੋਲ, ਡੀਜ਼ਲ, ਗੈਸ ਦਾ ਬੁਰਾ ਹਾਲ ਸੀ। ਸੋਨੇ-ਚਾਂਦੀ ਦੀਆਂ ਕੀਮਤਾਂ ਅਸਮਾਨੀਂ ਚੜ੍ਹ ਗਈਆਂ ਸਨ। ਹੋਰ ਤਾਂ ਹੋਰ ਅਮਰੀਕਾ ਵਰਗੇ ਦੇਸ਼ਾਂ ਵਿੱਚ ਵੀ ਤੇਲ-ਗੈਸ ਮਹਿੰਗੇ ਹੋਣ ਕਰਕੇ ਹਾਹਾਕਾਰ ਮੱਚੀ ਹੋਈ ਸੀ। ਦੇਸ਼ ਦੇ ਪ੍ਰਧਾਨਮੰਤਰੀ ਅਤੇ ਸੂਬਾ ਸਰਕਾਰਾਂ ਵੱਲੋਂ ਇਨ੍ਹਾਂ ਸਮੱਸਿਆਵਾਂ ਨਾਲ ਨਜਿੱਠਣ ਲਈ ਕਈ ਯੋਜਨਾਵਾਂ ਉਲੀਕੀਆਂ ਗਈਆਂ। ਤੇਲ-ਗੈਸ ਦੀ ਖਪਤ ਘਟਾਉਣ ਅਤੇ ਸੋਨਾ-ਚਾਂਦੀ ਨਾ ਖਰੀਦਣ ਦੀਆਂ ਸੂਚਨਾਵਾਂ ਜਾਰੀ ਹੋਈਆਂ। ਆਮ ਲੋਕ ਸੋਨਾ-ਚਾਂਦੀ ਤਾਂ ਘੱਟ ਖਰੀਦ ਲੈਣਗੇ, ਪਰ ਤੇਲ-ਗੈਸ ਤੋਂ ਬਿਨਾਂ ਕਿਵੇਂ ਸਰੇਗਾ ! ਸਰਕਾਰਾਂ ਨੇ ਇਹਦਾ ਹੱਲ ਇਹ ਸੋਚਿਆ ਕਿ ਸਾਰੇ ਦਫ਼ਤਰ ਹਫ਼ਤੇ ਵਿੱਚ ਦੋ ਦਿਨ ਘਰੋਂ ਆਨਲਾਈਨ ਕੰਮ ਕਰਨਗੇ, ਵ ?ਹੀਕਲਾਂ ਦੀ ਵਰਤੋਂ ਘੱਟ ਕੀਤੀ ਜਾਵੇ- ਯਾਨੀ ਪੈਟਰੋਲ, ਡੀਜ਼ਲ ਨੂੰ ਸੰਕੋਚ ਕੇ ਵਰਤਿਆ ਜਾਵੇ, ਸਾਈਕਲ ਨੂੰ ਤਰਜੀਹ ਦਿੱਤੀ ਜਾਵੇ।...

ਹਰਿੰਦਰ ਨੇ ਆਪਣੇ ਦੋਸਤਾਂ ਸੰਜੀਵ ਅਤੇ ਮਨਦੀਪ ਨਾਲ ਫ਼ੋਨ ਤੇ ਗੱਲ ਕੀਤੀ, ÷ਯਾਰ, ਆਪਾਂ ਯੂਨੀਵਰਸਿਟੀ 'ਚ ਅੱਡ-ਅੱਡ ਜਾਣ ਦੀ ਥਾਂ ਇਕੱਠੇ ਹੀ ਨਾ ਚੱਲਿਆ ਕਰੀਏ ! ਕਦੇ ਇੱਕ ਜਣਾ ਆਪਣਾ ਮੋਟਰਸਾਈਕਲ ਕੱਢ ਲਿਆ ਕਰੇ, ਕਦੇ ਦੂਜਾ।÷ ÷ਗੱਲ ਤਾਂ ਤੇਰੀ ਠੀਕ ਹੈ, ਇਸ ਤਰ੍ਹਾਂ ਆਪਾਂ ਤੇਲ ਦੀ ਖਪਤ ਘੱਟ ਕਰਨ ਵਿੱਚ ਆਪਣਾ ਯੋਗਦਾਨ ਪਾ ਸਕਾਂਗੇ।÷ ਸੰਜੀਵ ਤੇ ਮਨਦੀਪ ਨੇ ਆਪਣੀ ਸਹਿਮਤੀ ਪ੍ਰਗਟਾਈ। ਇੱਕ ਦਿਨ ਰਾਹ ਵਿੱਚ ਪੁਲੀਸ ਨਾਕੇ ਤੇ ਟ ?ਰੈਫ਼ ?ਕ ਪੁਲੀਸ ਨੇ ਰੋਕ ਕੇ ਇੱਕੋ ਮੋਟਰਸਾਈਕਲ ਤੇ ਤਿੰਨ ਜਣੇ ਬੈਠੇ ਹੋਣ ਕਰਕੇ ਚਲਾਨ ਕੱਟ ਦਿੱਤਾ, ਤਾਂ ਸੰਜੀਵ ਝੱਟ ਬੋਲਿਆ, ÷ਵੇਖੋ ਜਨਾਬ, ਅਸੀਂ ਤਾਂ ਪੈਟਰੋਲ ਬਚਾਉਣ ਦੇ ਮੰਤਵ ਵਜੋਂ ਹੀ ਇਹ ਕਦਮ ਉਠਾਇਆ ਹੈ। ਸਾਡੇ ਬਾਕੀ ਕਾਗਜ਼-ਪੱਤਰ ਪੂਰੇ ਹਨ, ਹੈਲਮੈਟ ਵੀ ਸਾਡੇ ਸਿਰਾਂ ਤੇ ਹਨ। ਜੇ ਸਰਕਾਰੀ ਮੁਲਾਜ਼ਮ ਹੀ ਪੈਟਰੋਲ ਬਚਾਉਣ ਦੇ ਕੰਮਾਂ ਵਿੱਚ ਰੁਕਾਵਟ ਬਣਨਗੇ ਤਾਂ ਅਸੀਂ ਅੱਗੇ ਤੋਂ ਆਪੋ-ਆਪਣੇ ਮੋਟਰਸਾਈਕਲਾਂ ਤੇ ਆ ਜਾਇਆ ਕਰਾਂਗੇ...।÷ ਟ ?ਰੈਫ਼ ?ਕ ਪੁਲੀਸ ਦੁਬਿਧਾ ਵਿੱਚ ਸੀ ਕਿ ਉਹ ਚਲਾਨ ਕੱਟੇ ਜਾਂ ਨਾ...।

**ਪ੍ਰੋ. ਨਵ ਸੰਗੀਤ ਸਿੰਘ**
**# 1, ਲਤਾ ਗਰੀਨ ਐਨਕਲੇਵ, ਪਟਿਆਲਾ-147002.**
**(9417692015)**

# ਪ੍ਰੀਤ ਫੁਲਵਾੜੀ

## ਲੱਗਦੈ ਦੇਸ਼ ਦਾ ਬੇੜਾ ਗਰਕ ਗਿਆ

ਭ੍ਰਿਸਟਾਚਾਰ,ਬੇਰੁਜਗਾਰੀ,
ਮਹਿੰਗਾਈ ਅੱਤ ਮਚਾਈ।
ਚੁਫੇਰੇ ਝੂਠ ਦਾ ਹੋਇਆ ਪਸਾਰਾ,
ਛੁਪ ਗਈ ਕਿਤੇ ਜਾ ਸਚਾਈ।
ਕਹਿਣੀ ਤੇ ਕਰਨੀ ਵਿੱਚ ਵਜੀਰਾਂ ਦੇ,
ਪੈ ਯਾਰੋ ਹੁਣ ਫਰਕ ਗਿਆ।
ਲਗਦੈ ਦੇਸ ਦਾ ਬੇੜਾ ਗਰਕ ਗਿਆ।
ਲਗਦੈ ਮੁੜ ਲੀਹੇ ਇਹ ਚੜ੍ਹਨਾ ਨਾਹੀਂ।
ਹੱਥ ਕਿਸੇ ਨੇ ਹੁਣ ਫੜਨਾ ਨਾਹੀਂ।
ਔਝੜਾ ਦੇ ਵਿੱਚ ਰੁੜਿਆ ਜਾਂਵਦਾ,
ਵਤਨ ਦਾ ਗੱਡਾ ਰਸਤੇ ਤੋਂ ਸਰਕ ਗਿਆ।
ਲੱਗਦੈ ਦੇਸ ਦਾ ਬੇੜਾ ਗਰਕ ਗਿਆ।
ਅੱਖਾਂ ਤੇ ਬੰਨ੍ਹ ਪੱਟੀਆਂ ਲੋਕ ਭੇਡਾਂ ਹੋ ਗਏ।
ਦੁੱਖ ਜਨਤਾ ਦੇ ਸਰਕਾਰ ਲਈ ਚਹੇਡਾਂ ਹੋ ਗਏ।
ਜਿਧਰ ਚਹੁੰਦਾ ਨਿਜਾਮ ਭਜਾਈ ਜਾਂਦਾ,
ਜਾਪੇ ਜਨਤਾ ਦੇ ਜਿ਼ਹਨ 'ਚੋਂ ਨਾਨਕ ਦਾ ਤਰਕ ਗਿਆ।
ਲੱਗਦੈ ਦੇਸ ਦਾ ਬੇੜਾ ਗਰਕ ਗਿਆ।
ਹਰ ਪਾਸੇ ਨੇਤਾ ਜੀ ਨੇ ਲੁੱਟ ਮਚਾਈ।
ਸੱਚ ਬੋਲਣ ਤੇ ਨੀਤੀ ਨਵੀਂ ਕੁੱਟ ਚਲਾਈ।
ਲੱਗਦੈ ਢਾਂਚਾ ਮੇਰੇ ਮੁਲਕ ਦਾ ਚੂਲ ਤੋਂ ਜਰਕ ਗਿਆ।
ਲੱਗਦੈ ਦੇਸ ਦਾ ਬੇੜਾ ਗਰਕ ਗਿਆ।
ਖਾਲੀ ਪਿਆ ਹਾਕਮ ਕਹੇ ਖਜਾਨਾ।
ਸੁਣ ਮਖੌਲਾਂ ਕਰਦਾ ਕੁੱਲ ਜਮਾਨਾ।
ਸੋਨ ਚਿੜੀ ਪੰਜਾਬ ਓ ਮੇਰਾ
ਯਾਰੋ ਬਣ ਹੁਣ ਨਰਕ ਗਿਆ।
ਲੱਗਦੈ ਦੇਸ ਦਾ ਬੇੜਾ ਗਰਕ ਗਿਆ।
ਵਿੱਚ ਦਰਬਾਰ ਕੰਜਰੀਆਂ ਰੋਜ ਨਚਾਉਂਦਾ,
ਨਾਲੇ ਸਰਾਬਾਂ ਦੇ ਦੌਰ ਚਲਾਉਂਦਾ।
ਸੁਣਿਐ ਬਾਦਸਾਹ ਮੇਰੇ ਮੁਲਕ ਦਾ
ਬੁੱਢੇ ਵਰ੍ਹੇ ਹੁਣ ਠਰਕ ਗਿਆ।
ਲੱਗਦੈ ਦੇਸ ਦਾ ਬੇੜਾ ਗਰਕ ਗਿਆ।

**ਜਗਦੀਪ ਸਿੰਘ 'ਦੀਪ'**
**ਮੋਬਾ: 9876004714**

## ਗੋਲ ਮਾਲ

ਕੱਠੇ ਹੋਏ ਨੇਤਾ ਸਕੀਮਾਂ ਕਰਨ ਲੱਗੇ,
ਐਂਤਕੀ ਚੱਲੀਏ ਨਵੀਂ ਕੋਈ ਚਾਲ ਆਪਾਂ।
ਪਤਾ ਸਭ ਨੂੰ ਅੰਦਰੋਂ ਆਪਾਂ ਇੱਕ ਹੋਏ,
ਚਾਹੇ ਝੰਡੇ ਰੱਖੀਏ ਵੱਖਰੇ ਨਾਲ ਆਪਾਂ।
ਨਾਅਰਾ ਧਰਮ ਦਾ ਲਾਇਆ ਜਾਂ ਕਿਰਤੀਆਂ ਦਾ,
ਖੜਾ ਕਰਦੇ ਸੀ ਕੋਈ ਨਾ ਕੋਈ ਬਬਾਲ ਆਪਾਂ।
ਤੂੰ ਉੱਤਰ ਕਾਟੋ ਮੇਰੀ ਹੁਣ ਆਈ ਵਾਰੀ,
ਮੌਜਾਂ ਕਰਦੇ ਸੀ ਪੰਜ ਸਾਲ ਆਪਾਂ।
ਲੋਕ ਜਾਣਗੇ ਆਪਣੇ ਝੂਠੇ ਲਾਰਿਆਂ ਨੂੰ,
ਲੱਗਦਾ ਹੁਣ ਸਤਾ ਤੋਂ ਕਰਵਾਵਾਂਗੇ ਕਾਲ ਆਪਾਂ।
ਸਿਆਣੇ ਵੋਟਰ ਵੀ ਅੱਗੇ ਨਾਲੋਂ ਹੋਰ ਹੋਗੇ,
ਫੇਲ੍ਹ ਕਰਨਗੇ ਸਕੀਮ ਜੋ ਰੱਖੀ ਭਾਲ ਆਪਾਂ।
'ਵੋਟਰੋ' ! ਇਹ ਸਮਝਗੇ ਤੁਸੀ ਵੀ ਸਮਝ ਜਾਇਓ,
ਤੀਜਾ ਬਦਲ ਕਰਨਾ ਹਰ ਹਾਲ ਆਪਾਂ।
ਹਰਪ੍ਰੀਤ ਪੱਤੋ, ਲੀਹ ਇਹ ਤੋੜ ਦੇਣੀ,
ਖਤਮ ਕਰ ਦੇਣਾ ਗੋਲ ਮਾਲ ਆਪਾਂ।

**ਹਰਪ੍ਰੀਤ ਪੱਤੋ ਪਿੰਡ**
**ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
**94658-21417**

## ਧੀਆਂ ਪੁੱਤਰ

ਕਾਰਾਂ ਕੋਠੀਆਂ ਤਾਂ ਲੱਭ ਦਿੰਦੇ ਨੇ ਵਥੇਰੇ ਮਾਪੇ
ਕੋਈ ਕੋਈ ਬਣਾਉਂਦੈ ਪਰ ਚੱਜ ਦੀਆਂ ਜੋੜੀਆਂ .
ਬਹੁਤੀਆਂ ਦੇ ਪੱਲੇ ਤਾਂ ਵੀ ਸੂਰਤਾਂ ਹੀ ਪੈਂਦੀਆਂ ਨੇ
ਦੁਨੀਆਂ 'ਤੇ ਚੱਜ ਦੀਆਂ ਸੀਰਤਾਂ ਨੇ ਥੋੜ੍ਹੀਆਂ .
ਤੱਪੜਾਂ 'ਤੇ ਬੈਠ ਕੇ ਵੀ ਧੀਆਂ ਪੜ੍ਹ ਜਾਂਦੀਆਂ ਨੇ
ਮਹਿੰਗਿਆਂ ਸਕੂਲਾਂ ਵਿੱਚ ਪੁੱਤਾਂ ਤੋਂ ਨਾ ਪੜ੍ਹ ਹੋਵੇ ,
ਪੁੱਤਰਾਂ ਦੀ ਲੋਹੜੀ ਤਾਂ ਮਨਾਉਂਦਾ ਜੱਗ ਵੇਖਿਆ ਏ
ਪਰ ਕੋਈ ਕੋਈ ਵੰਡਦਾ ਏ ਧੀਆਂ ਦੀਆਂ ਲੋਹੜੀਆਂ .

**ਮੂਲ ਚੰਦ ਸ਼ਰਮਾ .**

## ਪੈਸਾ

ਕਿਉਂ ਪੈਸਾ ਪੈਸਾ ਬੰਦਿਆਂ ਕਰਦਾ ਰਹਿੰਨਾ
ਬਿਨ ਆਈ ਮੌਤ ਕਿਉਂ ਮਰਦਾ ਰਹਿੰਨਾ
ਵੇਖ ਤਰੱਕੀ ਹੋਰਾਂ ਦੀ ਅੰਦਰੋ ਅੰਦਰੀ ਸੜਦਾ ਰਹਿੰਨਾ
ਜਿਵੇਂ ਦੁੱਧ ਕਾੜਨੀ ਕੜਦਾ ਉਵੇਂ ਕੜਦਾ ਰਹਿੰਨਾ
ਝੂਠ ਫਰੇਬ ਆਪਣਿਆਂ ਤੇ ਹੀ ਜੜਦਾ ਰਹਿੰਨਾ
ਨਿੱਤ ਪਾਪ ਦੀ ਪੌੜੀ ਚੜਦਾ ਰਹਿੰਨਾ
ਨਾਲ ਕੌਣ ਲੈ ਗਿਆ
ਕਿਸਨੇ ਗੱਠਾਂ ਲੈ ਕੇ ਜਾਣੀਆਂ
ਧੰਨ ਦੌਲਤ ਦੀਆਂ ਪੰਡਾਂ
ਸੰਧੂਆਂ ਏਥੇ ਹੀ ਨੇ ਰਹਿ ਜਾਣੀਆਂ।
ਆਈ ਚਲਾਈ ਜਿਹੀ
ਚੱਲੀ ਜਾਏ ਬੱਸ ਏਨਾਂ ਬਹੁਤ ਬਥੇਰਾ ਏ
ਐ ਦੁਨੀਆਂ ਵਾਲਿਓ
ਇਹ ਪੈਸਾ ਨਾ ਤੇਰਾ ਏ ਨਾ ਮੇਰਾ ਏ ।।

**ਬਲਤੇਜ ਸਿੰਘ ਸੰਧੂ ਬੁਰਜ**
**9465818158**

## ਭੁਲੇਖੇ ਲੋਕਾਂ ਦੇ

ਦੁੱਖ ਤਾਂ ਜਨਤਾ ਨੂੰ ਬਥੇਰੇ ਨੇ ,
ਪਾਏ ਮੁਸੀਬਤਾਂ ਨੇ ਵੀ ਘੇਰੇ ਨੇ।
ਕਰੇ ਉਡੀਕ ਕਿ ਕੋਈ ਆਵੇਗਾ ,
ਜਿਹੜਾ ਸੂਤੇ ਭਾਗ ਜਗਾਵੇਗਾ ।
ਖੋਲ੍ਹ ਕਿਸਮਤ ਦੀ ਪੋਟਲੀ ਨੂੰ ,
ਭਰ ਦੇਵਾਗਾ ਉਸਦੀ ਝੋਲੀ ਨੂੰ ।
ਕੱਟੀ ਜਾਵੇਗੀ ਫਿਰ ਚੁਰਾਸੀ ,
ਫਿਰ ਨਾ ਰਹਿਣੀ ਕੋਈ ਉਦਾਸੀ ।
ਆਸ ਲਗਾਏ, ਨੱਕ ਰਗੜ੍ਹ ਦੇ ਵੇਖੇ ਨੇ,
ਭੁਲੇਖੇ ਨੇ ਜੀ, ਬਹੁਤ ਹੀ ਭੁਲੇਖੇ ਨੇ
ਆਮ ਲੋਕਾਂ ਨੂੰ ਏਥੇ ਬਹੁਤ ਭੁਲੇਖੇ ਨੇ ।
ਲੋਕਤੰਤਰ ਮੇਰੇ ਦੇਸ ਦੀ ਸਾਨ ਹੈ ,
ਇਤਿਹਾਸ ਬੜਾ ਯਾਰੋ ਮਹਾਨ ਹੈ ।
ਲੋਕਾਂ ਦੁਆਰਾ ਚੁਣੀ ਸਰਕਾਰ ਹੈ ,
ਐਪਰ ਗਰੀਬੀ ਦੀ ਭਰਮਾਰ ਹੈ ।
ਸਰਕਾਰਾਂ ਸੁਣਨ ਸਰਮਾਏਦਾਰਾਂ ਦੀ ,
ਜੂਨ ਸੁਧਾਰਨ ਇਹ ਰਿਸਤੇਦਾਰਾਂ ਦੀ ।
ਅੱਛੇ ਦਿਨੋ ਕਾ ਵੇਖ ਕੇ ਖਾਬ ,
ਪਾਉਣ ਵੋਟਾਂ ਲੋਕ ਬੇ-ਹਿਸਾਬ ।
ਅੱਖ ਖੁੱਲਦੀ ਜਦੋਂ ਪੈਂਦੇ ਧੱਕੇ ਨੇ ,
ਵੋਟਰਾਂ ਦੇ ਮਨਾਂ 'ਚ ਹੁੰਦੇ ਬਹੁਤ ਭੁਲੇਖੇ ਨੇ ,
ਭੁਲੇਖੇ ਨੇ ਜੀ, ਬਹੁਤ ਹੀ ਭੁਲੇਖੇ ਨੇ ,
ਆਮ ਲੋਕਾਂ ਨੂੰ ਏਥੇ ਬਹੁਤ ਭੁਲੇਖੇ ਨੇ ।

**ਮਨਦੀਪ ਗਿੱਲ ਧੜਾਕ**
**9988111134**

## ਚੰਗਾ ਲਿਖਦੈ ਸੱਜਣਾ

ਚੰਗਾ ਲਿਖਦੈ ਸੱਜਣਾ ,
ਕਦੇ ਬਹਿ ਕੇ ਮੇਰੇ ਕੋਲ ਲਿਖੀ ।
ਕੁੱਝ ਮੈ ਕਹੁ ,ਕੁੱਝ ਤੂੰ ਬੋਲੀ
ਕਿੰਝ ਦਿਲ ਵਿੱਚ ਪੈਂਦੇ ਹੋਲ ਲਿਖੀ
ਚੰਗਾ ਲਿਖਦੈ ਸੱਜਣਾ ,
ਕਦੇ ਬਹਿ ਕੇ ਮੇਰੇ ਕੋਲ ਲਿਖੀ ।
ਤੂੰ ਆਪਣਾ ਕੋਈ ਖੋਇਆ ਏ ,
ਕਿੰਨਾਂ ਕੁ ਤੂੰ ਰੋਇਆ ਏ ,
ਦਿਲ ਦੇ ਜਖਮ ਸਾਰੇ ਫਰੋਲ ਲਿਖੀ ,
ਚੰਗਾ ਲਿਖਦੈ ਸੱਜਣਾ ,
ਕਦੇ ਬਹਿ ਕੇ ਮੇਰੇ ਕੋਲ ਲਿਖੀ ।
ਮੇਰੇ ਵਾਂਗ ਬੇਵਕਤ ਕਿਸੇ ਸਤਾਇਆ ਹੋਣਾ,
ਜਾ ਫਿਰ ਰੋਂਦੇ ਨੂੰ ਹਸਾਇਆ ਹੋਣਾ ,
ਸੰਗੀ ਨਾ ਦਿਲ ਦੀ ਕੁੰਡੀ ਖੋਲ ਲਿਖੀ ,
ਚੰਗਾ ਲਿਖਦੈ ਸੱਜਣਾ ,
ਕਦੇ ਬਹਿ ਕੇ ਮੇਰੇ ਕੋਲ ਲਿਖੀ ।
ਹੁਣ ਪਤਾ ਲੱਗਿਆ ਭੇਤੀ
ਸਭ ਕੁੱਝ ਲੁੱਟਦਾ ਏ,
ਤੇਰਾ ਭੀੜ ਵਿੱਚ
ਦਮ ਜਿਹਾ ਘੁੱਟਦਾ ਏ,
ਕੀ-ਕੀ ਬੀਤੀ ਨਾਲ
ਤੇਰੇ ਸਭ ਕੁੱਝ ਟੋਲ ਲਿਖੀ ,
ਚੰਗਾ ਲਿਖਦੈ ਸੱਜਣਾ ,
ਕਦੇ ਬਹਿ ਕੇ ਮੇਰੇ ਕੋਲ ਲਿਖੀ ।
ਸੱਜਣਾ ਥੋੜ੍ਹੀ ਬਹੁਤੀ
ਯਾਦ ਤਾਂ ਆਉਦੀ ਹੋਣੀ ,
ਰਾਤਾਂ ਨੂੰ ਵੀ ਸਤਾਉਂਦੀ ਹੋਣੀ ,
ਗਗਨ ਕਦੇ ਹਾਰੀ ਨਾ ਹੋਕੇ ਅਡੋਲ ਲਿਖੀ ,
ਚੰਗਾ ਲਿਖਦੈ ਧਾਲੀਵਾਲ ,
ਕਦੇ ਬਹਿ ਕੇ ਮੇਰੇ ਕੋਲ ਲਿਖੀ ।

**ਗਗਨਦੀਪ ਧਾਲੀਵਾਲ ।**

## ਲੋਕਾਂ ਦਾ ਕੰਮ

ਦਿਨ ਵੀ ਲੰਘੀ ਜਾਣੇ
ਅਤੇ ਰਾਤਾਂ ਵੀ ਲੰਘਣਗੀਆਂ ,
ਤੇਰੀ ਫਿੱਕੀ ਪੈ ਗਈ
ਜਿੰਦੜੀ ਨੂੰ ਮੇਹਨਤਾਂ ਰੰਗਣਗੀਆਂ ।
ਪਲ ਪਲ ਪਿੱਛੋਂ ਸੋਚਾਂ ਵਿੱਚ
ਨਾ ਡੁੱਬਿਆ ਰਿਹਾ ਕਰ ਤੂੰ ,
ਸੋਚਾਂ ਬੰਦੇ ਨੂੰ ਖਾ ਜਾਵਣ
ਰਹਿ ਬਚ ਕੇ ਤੈਨੂੰ ਡੰਗਣਗੀਆ ।
ਮੰਜਿ਼ਲ ਤੇਰਾ ਰਾਹ ਉਡੀਕੇ
ਬਸ ਮੇਹਨਤ ਥੋੜ੍ਹੀ ਹੋਰ ਕਰੀਂ,
ਲੋਕਾਂ ਦਾ ਕੰਮ ਭੰਡੀ ਜਾਣਾ
ਤੂੰ ਲੋਕਾਂ ਵੱਲ ਨਾ ਗੌਰ ਕਰੀ।
ਤੂੰ ਹੁੰਦਾ ਹੁੰਦਾ ਜਦ ਥੋੜ੍ਹੇ ਤੋਂ
ਇੱਕ ਦਿਨ ਬਹੁਤ ਹੋ ਗਿਆ ,
ਤੂੰ ਬਣਦਾ ਬਣਦਾ ਸਿੱਕੇ ਤੋਂ
ਇੱਕ ਦਿਨ ਜਦ ਨੋਟ ਹੋ ਗਿਆ।
ਜਦ ਛੱਡ ਜਾਣ ਵਾਲੇ
ਫੇਰ ਤੋਂ ਤੈਨੂੰ ਬੁਲਾਉਣ ਲੱਗ ਗਏ,
ਤੂੰ ਮੰਨ ਸਕਦਾ ਏਂ ਤੇਰਾ
ਹੁਣ ਕੰਮ ਪੂਰਾ ਲੋਟ ਹੋ ਗਿਆ।
ਤੇਰੀ ਕਾਮਯਾਬੀ ਨੇ ਸਭ ਨੂੰ ਚੁੱਪ
ਕਰਵਾ ਹੀ ਦੇਣਾ ਹੈ,
ਹੁਣ ਬਹੁਤੀ ਦੇਰ ਨਾ ਲਾਵੀਂ
ਤੂੰ ਤੇਜ਼ ਆਪਣੀ ਤੋਰ ਕਰੀਂ।
ਮੰਜਿ਼ਲ ਤੇਰਾ ਰਾਹ ਉਡੀਕੇ
ਬਸ ਮੇਹਨਤ ਥੋੜ੍ਹੀ ਹੋਰ ਕਰੀਂ ,
ਲੋਕਾਂ ਦਾ ਕੰਮ ਭੰਡੀ ਜਾਣਾ
ਤੂੰ ਲੋਕਾਂ ਵੱਲ ਨਾ ਗੌਰ ਕਰੀ॥

**ਲੇਖਕ -ਮਨਦੀਪ ਖਾਨਪੁਰੀ**
**ਖਾਨਪੁਰ ਸਹੋਤਾ ਹੁਸ਼ਿਆਰਪੁਰ**
**9779179060**

## ਚੀਨੀ ਡੋਰ

ਚਾਇਨਾ ਡੋਰ ਦਾ ਜਾਰੀ ਹੈ ਕਹਿਰ,
ਲਪੇਟ ਵਿੱਚ ਆਏ ਪਿੰਡ ਤੇ ਸ਼ਹਿਰ।
ਦੂਸਰਾ ਨਾਮ ਆਖ ਸਕਦੇ ਹਾਂ ਡੈਨ,
ਖੁੱਲੇਆਮ ਵਿੱਕ ਰਹੀ ਬਾਵਜੂਦ ਬੈਨ।
ਦੋ ਨੰਬਰ ਵਿੱਚ ਦੁਕਾਨਦਾਰ ਵੇਚਣ,
ਓਹ ਕੇਵਲ ਅਪਣਾ ਨਫ਼ਾ ਹੀ ਵੇਖਣ।
ਹੱਥਾਂ ਦੀਆਂ ਉਗਲੀਆਂ ਦਿੰਦੀ ਚੀਰ,
ਚੁੱਭਦੀ ਇਸ ਤਰਾਂ ਜਿਵੇਂ ਹੋਵੇ ਤੀਰ।
ਬੱਚਿਓ, ਚਾਇਨਾ ਡੋਰ ਨੂੰ ਦਿਓ ਛੱਡ,
ਉੱਡਦੇ ਪੰਛੀਆਂ ਦਾ ਗਲ ਦਿੰਦੀ ਵੱਢ।
ਬਿਨ੍ਹਾਂ ਗੁਨਾਹ ਮਿਲੀ ਮੌਤ ਦੀ ਸਜ਼ਾ,
ਖਤਮ ਕਰੋ ਚੀਨੀ ਡੋਰ ਵਾਲਾ ਮਜ਼ਾ।
ਅਕਸਰ ਪੜ੍ਹਦੇ ਰਹਿੰਦੇ ਅਸੀਂ ਖਬਰਾਂ,
ਚਾਇਨਾ ਡੋਰ ਖੋਦ ਰਹੀ ਹੈ ਕਬਰਾਂ।
ਪਤੰਗ ਉਡਾਓ ਸਦਾ ਸਾਦੀ ਡੋਰ ਨਾਲ,
ਬਣਦੀ ਨਹੀਂ ਜੋ ਕਿਸੇ ਜੀਵ ਦਾ ਕਾਲ। ,
ਬੱਚਿਓ, ਜ਼ਰਾ ਕੁ ਸਮਝਦਾਰੀ ਦਿਖਾਓ,
ਖੂਨੀ ਚਾਇਨਾ ਡੋਰ ਨਾ ਕਦੇ ਲਿਆਓ।
'ਚਮਨ' ਸਰਕਾਰ ਦੀ ਵੱਡੀ ਜੁੰਮੇਵਾਰੀ,
ਤਰੁੰਤ ਸਮਾਪਤ ਕਰੇ ਸਮੱਸਿਆ ਸਾਰੀ।

**ਚਮਨਦੀਪ ਸ਼ਰਮਾ, ਮਹਾਰਾਜਾ ਯਾਦਵਿੰਦਰਾ ਐਨਕਲੇਵ, ਨਾਭਾ ਰੋਡ, ਪਟਿਆਲਾ**
**ਸੰਪਰਕ ਨੰਬਰ- 95010 33005**

## ਇਬਾਦਿਤ ਰੱਬ ਦੀ

ਇੱਕ ਬਾਤ-- ਮੁਹੱਬਤ ਦੀ
ਜੋ ਉੱਸ ਰੰਗ ਵਿੱਚ -- ਰੰਗ ਦੇਵੇ
ਜਿ਼ੰਦਗੀ ਨੂੰ-- ਜੀਣੇਦਾ
ਸਿਖਾ ਇੱਕ -- ਨਵਾਂ--
ਢੱਗ ਦੇਵੇ
ਜੋ ਪਾਕ-- ਪਵਿੱਤਰ ਨੇ
ਉੱਹ -- ਕੱਲਮੇ ਪੱੜ੍ਹਦੇ ਨੇ
ਤੱਕ ਚਿਹਰੇ ਉੱਸਦੇ ਨੂੰ
ਝੁੱਕ ਸਿਜਦੇ ਕਰਦੇ ਨੇ
ਮੈਂ ਮੁਰੀਦ ਹਾਂ
ਆਪਣੇ ਉੱਸ -- ਮੁਰਸਦ ਦਾ
ਜੋ ਮਾਲਿਕ ਏ -- ਅਰਸ਼ਾਂ ਦਾ
ਜੋ ਪੱਲ ਵਿੱਚ ਪੱਲਟ ਦੇਵੇ
ਪਾਸਾ -- ਤਾਜ਼ਾ ਤੇ -- ਤੱਖਤਾਂ ਦਾ
ਸੱਭ -- ਉੱਡਦੇ ਫਿਰਦੇ ਨੇ
ਪੱਤੇ ਜਿਵੇਂ ਰੁੱਖਾਂ ਦੇ
ਕੁੱਝ ਸੌਖੀ ਕੱਟ ਜਾਂਦੇ
ਕੁੱਝ ਕੱਟਦੇ ਵਿੱਚ ਦੁੱਖਾਂ ਦੇ
ਸਾਬ-- ਇਹ ਜਿੰਦ
ਹਉਮੈਂ ਦੀ ਗੁੱਡੀ ਏ
ਪਤਾ ਨੀ--- ਰੱਬ
ਕਦੋਂ-- ਕੱਟ ਸਾਹਾਂ ਦੀ
ਤੰਦ ਦੇਵੇ
ਇੱਕ ਬਾਤ -- ਮੁਹੱਬਤ ਦੀ
ਜੋ ਉੱਸ ਰੰਗ -- ਵਿੱਚ ਰੰਗ ਦੇਵੇ
ਇੱਕ ਬਾਤ -- ਮੁਹੱਬਤ ਦੀ
ਜੋ ਉੱਸ ਰੰਗ -- ਵਿੱਚ ਰੰਗ ਦੇਵੇ

**ਕੁੱਲਦੀਪ ਸਿੰਘ ਸਾਬਾ ਮੱਰੜੀ ਕਲਾਂ**
**99142-26365**

## ਸੱਧਰਾਂ ਤੋਂ ਜ਼ਜ਼ਬਾਤਾਂ ਤੱਕ

ਸਾਨੂੰ ਤੇਰੀ ਸੀ ਉਡੀਕ ,
ਜਾਗੇ ਸਾਰੀ ਸਾਰੀ ਰਾਤ .
ਸਾਡੇ ਨਿੱਘੇ ਨਿੱਘੇ ਸਾਹਾਂ ਨੇ ,
ਪਾਈ ਉਹੋ ਬਾਤ .
ਜਿਹੜੀ ਮੁੱਕਣੀ ਸੀ ਕਦੇ ,
ਤੇਰਿਆਂ ਹੁੰਗਾਰਿਆਂ ਦੇ ਨਾਲ ...
ਸਾਡੇ ਬੁੱਲ੍ਹਾ ਉਤੇ ਗੀਤ ,
ਸਾਡੇ ਮਨਾਂ 'ਚ ਸਵੇਰ .
ਸਦਾ ਰਿਹਾ ਸਾਨੂੰ ਦਿਖਦਾ ,
ਉਹ ਮੱਸਿਆ ਦਾ ਹਨੇਰ .
ਅਸੀਂ ਨਜ਼ਰਾਂ ਮਿਲਾਈਆਂ ,
ਜਦੋਂ ਤਾਰਿਆਂ ਦੇ ਨਾਲ ...
ਸਾਨੂੰ ਦਿਸੇ ਨਾ ਪੜਾਅ ,
ਤੂੰ ਬਦਲੇ ਜੋ ਰਾਹ .
ਸਾਡੀ ਕਿਸ਼ਤੀ ਵੀ ਡੁੱਬੀ ,
ਕੋਈ ਦਿਸੇ ਨਾ ਮਲਾਹ .
ਜੋ ਪਾਰ ਸਾਨੂੰ ਲਾ ਦੇਵੇ ,
ਕਿਨਾਰਿਆਂ ਦੇ ਨਾਲ ...
ਵਗੇ ਮੱਠੀ ਮੱਠੀ 'ਵਾ ,
ਅਸੀਂ ਤੁਰੇ ਜਿਹੜੇ ਰਾਹ .
ਉਹਨੇ ਬਦਲ ਲਈ ਮੰਜ਼ਿਲ ,
ਸਾਂਝੇ ਸੀ ਜਿਹਦੇ ਨਾਲ ਸਾਹ .
ਹੋਇਆ ਨਿੱਤ ਸਾਡਾ ਮੇਲ ,
ਉਹ ਹਵਾ ਦੇ ਬੁਲ੍ਹੇ ਅਵਾਰਿਆਂ ਦੇ ਨਾਲ ...
ਉੱਠੇ ਦਿਲ 'ਚ ਉਮੰਗ ,
ਕਿੰਨੇ ਬਦਲੇ ਜ਼ਿੰਦਗੀ ਨੇ ਰੰਗ .
ਹੁਣ ਹੋ ਗਏ ਬੇਪਰਵਾਹ ,
ਲੱਭ ਲਿਆ ਨਵਾਂ ਢੰਗ .
" ਸਰਬਜੀਤ " ਪਾ ਲਈ ਸਾਂਝ ,
ਹੁਣ ਅਸੀਂ ਹੰਝੂ ਖਾਰਿਆਂ ਦੇ ਨਾਲ...

**ਸਰਬਜੀਤ ਸਿੰਘ ਭਾਟੀਆ**
**ਪਿੰਡ :- ਮਹਿਣਾ ( ਮੋਗਾ )**
**ਮੋਬਾਇਲ :- 76967-08575**

## ਵੋਟ ਸੋਚ ਸਮਝ ਕੇ ਪਾਇਓ

ਪਹਿਲਾਂ ਤੁਹਾਨੂੰ ਅਸੀਂ ਕਈ ਵਾਰ ਵੇਖਿਆ
ਵੇਖ ਲਓ ਤੰਦੂਰ ਵਾਂਗੂੰ ਸੀਨਾ ਪਿਆ ਸੇਕਿਆ
ਕੌਣ ਕਰੂੰਗਾ ਯਕੀਨ ਸੌਂਹਾਂ ਖਾਨ ਵਾਲਿਆ ਤੇ
ਸੌਂਹ ਖਾਣ ਵਾਲੇ ਛੱਡ ਕੇ ਮੈਦਾਨ ਭੱਜ ਗਏ
ਸਿਵਿਆ ਦੇ ਵਿੱਚ ਰਹੇ ਨੌਜਵਾਨ ਸੜਦੇ
ਨਸ਼ਿਆਂ ਦੇ ਵਪਾਰੀ ਚੰਗੀ ਤਰਾਂ ਰੱਜ ਗਏ
ਸਿਵਿਆ ਦੇ ਵਿੱਚ ਮਾਪੇ ਰਹੇ ਪਿੱਟਦੇ
ਨਸ਼ਿਆਂ ਦੇ ਵਪਾਰੀ ਚੰਗੀ ਤਰਾਂ ਰੱਜ ਗਏ
ਪੰਜ ਸਾਲ ਡਾਂਗਾਂ ਨਾਲ ਰਹੇ ਕੁੱਟਦੇ
ਲਾਹ ਲਾਹ ਪੱਗਾਂ ਤੇ ਵਾਲ ਰਹੇ ਪੁੱਟਦੇ
ਮੂੰਹ ਕਰ ਦਿੱਤੇ ਬੰਦ ਜਿਹੜੇ ਮੰਗਦੇ ਸੀ ਹੱਕ
ਕਈਆਂ ਘਰਾਂ ਦੇ ਤਾਂ ਬੂਹੇ ਪੱਕੇ ਵੱਜ ਗਏ
ਸਿਵਿਆ ਦੇ ਵਿੱਚ ਰਹੇ ਨੌਜਵਾਨ ਸੜਦੇ
ਨਸ਼ਿਆਂ ਦੇ ਵਪਾਰੀ ਚੰਗੀ ਤਰਾਂ ਰੱਜ ਗਏ
ਬੰਦ ਕਰਕੇ ਵਿਕਾਸ ਕਰ ਦਿੱਤਾ ਏ ਵਿਨਾਸ
ਕਈ ਤੁਰ ਗਏ ਬਾਹਰ ਇਥੋਂ ਲਾਹ ਕੇ ਆਸ
ਭੈਣਾਂ ਦੇ ਹੱਥਾਂ ਵਿੱਚ ਰਹਿ ਗਈਆਂ ਰੱਖੜੀਆਂ
ਕਰਜ਼ੇ ਦੇ ਮਾਰੇ ਕਈ ਭਰਾ ਮੂੰਹ ਕੱਜ ਗਏ
ਸਿਵਿਆ ਦੇ ਵਿੱਚ ਰਹੇ ਨੌਜਵਾਨ ਸੜਦੇ
ਨਸ਼ਿਆਂ ਦੇ ਵਪਾਰੀ ਚੰਗੀ ਤਰਾਂ ਰੱਜ ਗਏ
ਦਿਲ ਦੀਆਂ ਗੱਲਾਂ ਹੁਣ ਕਰ ਲਓ ਖੋਲ ਕੇ
ਚੁੱਪ ਨਾ ਰਹਿਓ ਦੁੱਖ ਦੱਸ ਦਿਓ ਫਰੋਲ ਕੇ
ਨਹੀਂ ਤਾਂ ਪੰਜ ਸਾਲ ਅਗਲੇ ਇਹੋ ਕੁੱਝ ਹੋਣਾ
ਜੇ ਜਸਵਿੰਦਰਾ ਨਾ ਹੁਣ ਬੋਲਿਆ ਗੱਜ ਕੇ
ਸਿਵਿਆ ਦੇ ਵਿੱਚ ਰਹੇ ਨੌਜਵਾਨ ਸੜਦੇ
ਨਸ਼ਿਆਂ ਦੇ ਵਪਾਰੀ ਚੰਗੀ ਤਰਾਂ ਰੱਜ ਗਏ

**ਸੂਬੇਦਾਰ ਜਸਵਿੰਦਰ ਸਿੰਘ**
**ਭੁਲੇਰੀਆ ਮਮਦੋਟ**

# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website WWW.PREETNEWS.COM

Chief Editor Pritpal Kaur +1 201-312-4180

Vol 4, Issue 355 | Website: www.preetnama.com Email preetnamausa@gmail.com | 29 MAY TO 04 JUNE, 2026



PREETNAMA ਪ੍ਰੀਤਨਾਮਾ ਖਰਾ ਸੱਚ

# Preetnama

PREETNAMA ONLINE AND PRINT MEDIA KHARA SACH CHIEF EDITOR : PRITPAL KAUR +1 201-312-4180 Preetnama TV

## is a leading International Media Company.

Publishing a renowned newspaper in three language and operations a prominent TV channel.

With a global reach and diverse audience, Preetnama Provides in dept coverage of Current Events,

News, and Analysis, Catering to a broad spectrum of interests and persp.

Preetnama TV Provides you best services.

## We promote your business worldwide.
## We promote and do coverage all Kind Events.







# Pritpal Kaur (CEO and Founder)

## 001 (201) 312 4180

Email: Preetnamausa@gmail.com,

www.preetnama.com www.preetnews.com